Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਅਪ੍ਰੈਲ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਖ਼ਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ !







ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਖ਼ਾਲਸਾ ਸਾਜਨਾ ਦਿਵਸ



ਸਿੱਖ ਧਰਮ ਦੇ ਪਹਿਲੇ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਅਰੰਭ ਹੋ ਗਈ ਸੀ। 10 ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨ੍ਹਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

ਸਾਹਿਬੇ ਕਮਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਉਦੇਸ਼ ਦੀ ਪੂਰਤੀ ਲਈ ਸੰਨ 1699 ਈ. ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਨੀਂਹ ਰੱਖੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਮਨੁੱਖਤਾ ਨੂੰ ਖ਼ਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖ਼ਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਅਤੇ ਬਰਾਬਰ ਅਧਿਕਾਰ ਦਿਵਾਉਣਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸਿੱਖਾਂ ਵਿਚੋਂ ਪੰਜ ਪਿਆਰੇ ਸਾਜੇ ਅਤੇ ਪੰਜ ਪਿਆਰਿਆਂ ਕੋਲੋਂ ਆਪ ਬੇਨਤੀ ਕਰਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ।

ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀਂ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ।

ਖ਼ਾਲਸਾ ਧਰਮ ਦੀ ਨੀਂਹ ਰੱਖਣ ਦਾ ਮੁਖ ਮੰਤਵ ਅਜਿਹੇ ਬਹਾਦਰ ਸਿੱਖ ਯੋਧੇ ਪੈਦਾ ਕਰਨੇ ਸਨ ਜਿਨ੍ਹਾਂ ਦੇ ਮਨ ਅੰਦਰ ਸਦਾ ਕਰਤਾਰ ਦੀ ਯਾਦ ਰਹੇ, ਮਨੁੱਖਤਾ ਲਈ ਹਮਦਰਦੀ, ਦੁਸ਼ਟਾਂ ਦਾ ਖਾਤਮਾ ਕਰਨ ਲਈ ਤੇਗ ਅਤੇ ਇਕ ਪ੍ਰਮਾਤਾਮਾ ਦੀ ਓਟ ਹੋਵੇ। ਇਸ ਨਾਲ ਉਨ੍ਹਾਂ ਨੇ ਸਦੀਆਂ ਤੋਂ ਚਲਦੇ ਆ ਰਹੇ ਜਬਰ ਜ਼ੁਲਮ ਖਿਲਾਫ ਸਮੇਂ ਦੇ ਹੁਕਮਰਾਨਾਂ ਨਾਲ ਟੱਕਰ ਲਈ ਅਤੇ ਮਜਲੂਮ ਦੇ ਹੱਕ ਦੀ ਰੱਖਿਆ ਕੀਤੀ। ਇਸ ਰਾਹੀਂ ਦਸਮ ਪਿਤਾ ਜੀ ਨੇ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਪੜਚੋਲ ਤੋਂ ਪਿੱਛੋਂ ਖਾਲਸਾ ਪੰਥ ਦੀ ਸਿਰਜਨਾ ਕਰਕੇ ਇਕ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਉੱਚ ਕੋਟੀ ਦੇ ਕਵੀ, ਧਰਮ ਸੁਧਾਰਕ, ਪਾਰਦਰਸ਼ਕ ਫੌਜੀ ਜਰਨੈਲ, ਦੂਰ ਦ੍ਰਿਸ਼ਟੀ ਵਾਲੇ ਸੂਝਵਾਨ, ਉੱਚੇ ਹੌਂਸਲੇ ਅਤੇ ਪੱਕੇ ਇਰਾਦੇ ਵਾਲੇ, ਸਭ ਔਂਕੜਾਂ ਸਮੇਂ ਹਮੇਸ਼ਾ ਪ੍ਰਮਾਤਮਾ ਦੀ ਰਜਾ ਵਿਚ ਅਤੇ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਪਰਬਤ ਵਾਂਗ ਅਹਿਲ ਤੇ ਅਚਲ ਦੇ ਧਾਰਨੀ ਸਨ। ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਕੋਲ ਘੱਟ ਜੰਗੀ ਸਮਾਨ, ਘੱਟ ਜੁਝਾਰੂ ਅਤੇ ਘੱਟ ਆਮਦਨ ਹੋਣ ਕਰਕੇ ਵੀ ਕਦੀ ਆਪਣੇ ਕਦਮ ਪਿੱਛੇ ਨਹੀਂ ਕੀਤੇ। ਜਿੰਨੀਆਂ ਵੀ ਲੜਾਈਆਂ ਉਨ੍ਹਾਂ ਤੇ ਥੋਪੀਆਂ ਗਈਆਂ ਉਨ੍ਹਾਂ ਸਾਰੀਆਂ ਵਿਚ ਖ਼ਾਲਸੇ ਦੀ ਕਿਰਪਾ ਨਾਲ ਆਪ ਮੋਹਰੀ ਹੋ ਕੇ ਜਿੱਤਾਂ ਪ੍ਰਾਪਤ ਕੀਤੀਆਂ। ਕਦੇ ਕਿਸੇ ਰਾਜ ਤੇ ਜਿੱਤ ਉਪਰੰਤ ਨਾ ਹੀ ਰਾਜ ਕੀਤਾ ਤੇ ਨਾ ਹੀ ਗੁਲਾਮ ਬਣਾਇਆ।

ਅਜੋਕੇ ਸਮੇਂ ਵਿਚ ਸਮਾਜਿਕ, ਧਾਰਮਿਕ ਅਤੇ ਰਾਜਸੀ ਵਿਵਸਥਾ ਵਿਚ ਆਈ ਖੜੋਤ ਕਾਰਨ ਅਸੀਂ ਬਹੁਤ ਕਮਜ਼ੋਰ ਹੋ ਗਏ ਹਾਂ। ਜੋ ਸਿੱਖ ਕੌਮ ਨੇ ਤਰੱਕੀ ਕਰਨੀ ਸੀ ਉਹ ਨਹੀਂ ਹੋ ਸਕੀ। ਚੰਗੇ ਕਿਰਦਾਰਾਂ ਅਤੇ ਸ਼ਕਤੀਆਂ ਨਾਲ ਸਮਾਜਿਕ ਬੁਰਾਈਆਂ, ਨਸ਼ਿਆਂ ਵਰਗੀਆਂ ਲਾਹਨਤਾਂ ਜੋ ਕੌਮ ਨੂੰ ਖਾ ਰਹੀਆਂ ਹਨ ਖਤਮ ਹੋ ਸਕਦੀਆਂ ਹਨ। ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਜੇਕਰ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸਿੱਖੀ ਸਰੂਪ ਨਾਲ ਜੋੜ ਸਕੀਏ ਤਾਂ ਇਹੀ ਸਾਡੀ ਗੁਰੂ ਸਾਹਿਬ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

**ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਿਹ॥**

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181

**Co-Editor**
**Er. Parminderjit Singh**
M.: 99153-57524

**Advisors**
1. S. Baldev Singh Munder, Sr. Manager (Regd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your
name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥**
**ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥**

**ਚੇਤਿ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 23-04-2024 (ਮੰਗਲਵਾਰ)**
**ਸੰਗਰਾਂਦ - 13-04-2024 (ਸ਼ਨੀਵਾਰ)**
**ਮੱਸਿਆ - 08-04-2024 (ਸੋਮਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 130 | ਅਪ੍ਰੈਲ - 2024



1. ਬਹੁਪੱਖੀ ਸਖ਼ਸ਼ੀਅਤ ਸ. ਭਗਵਾਨ ਸਿੰਘ ਲੁਬਾਣਾ ਡਿਪਟੀ ਚੀਫ਼ ਇੰਜੀਨੀਅਰ 4
2. ਵਧਾਈਆਂ! 6-13
3. ਖ਼ਾਲਸਾ ਪੰਥ ਦੀ ਸਥਾਪਨਾ 14
4. ਖ਼ਾਲਸੇ ਦੀ ਸਿਰਜਣਾ 17
5. ਗੁਰ ਸਾਗਰ ਦੇ ਸੁੱਚੇ ਮੋਤੀ 19
6. ਸੰਨ 1947 ਦੀ ਅਭੁੱਲ ਯਾਦ 20
7. ਮਾਰਚ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 23
8. ਭਗਤ ਧੰਨਾ ਜੀ 26
9. ਜੀਵਨ ਵਿਕਾਸ - ਇਕ ਸੰਘਰਸ਼ 27
10. ਪੰਜਾਬ ਦਾ ਇਤਿਹਾਸ-5 28
11. ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ 32
12. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ..... 34
13. ਅਪਾਹਜ 35
14. ਆਓ ਜਾਣੀਏ! 36
15. ਸਿਹਤ ਸੰਭਾਲ 37
16. ਕਾਵਿ-ਕਿਆਰੀ 39
17. ਸ਼ਬਦਾਂ ਦੇ ਸੰਜੋਗ 40
18. Matrimonial 41
19. ਦਾਨੀ ਸੱਜਣਾਂ ਦੀ ਸੂਚੀ 42



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

# ਬਹੁਪੱਖੀ ਸ਼ਖ਼ਸ਼ੀਅਤ ਸ. ਭਗਵਾਨ ਸਿੰਘ ਲੁਬਾਣਾ ਡਿਪਟੀ ਚੀਫ਼ ਇੰਜੀਨੀਅਰ



ਸ. ਭਗਵਾਨ ਸਿੰਘ ਲੁਬਾਣਾ ਅਜਿਹਾ ਨਿਵੇਕਲਾ ਹਸਤਾਖਰ ਹੈ ਜਿਸ ਨੇ ਸੰਨ 1975 ਈ. ਵਿਚ ਥਾਪਰ ਇੰਜੀਨੀਅਰਿੰਗ ਕਾਲਜ ਪਟਿਆਲਾ ਤੋਂ ਡਿਗਰੀ ਕਰਦੇ ਸਮੇਂ ਆਪਣੇ ਵਿਦਿਆਰਥੀ ਜੀਵਨ ਵਿਚ ਆਪਣੇ ਨਾਮ ਨਾਲ 'ਲੁਬਾਣਾ' ਲਿਖ ਕੇ ਉਨ੍ਹਾਂ ਚੰਦ ਸਖ਼ਸ਼ੀਅਤਾਂ ਵਿਚ ਆਪਣੇ ਆਪ ਨੂੰ ਸ਼ਾਮਲ ਕਰ ਲਿਆ, ਜਿਨ੍ਹਾਂ ਨੇ ਹੀਣ ਭਾਵਨਾ ਦੀ ਸ਼ਿਕਾਰ ਹੋਈ ਲੁਬਾਣਾ ਕੌਮ ਨੂੰ ਸਵੈਮਾਣ ਨਾਲ ਸਮਾਜ ਵਿਚ ਵਿਚਰਨ ਦਾ ਰਸਤਾ ਦੱਸਿਆ। 30 ਜਨਵਰੀ 1956 ਦੇ ਪਿੰਡ ਦਬੁਰਜੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਮਾਤਾ ਹਰਬੰਸ ਕੌਰ ਅਤੇ ਪਿਤਾ ਨੰਬਰਦਾਰ ਰਵੇਲ ਸਿੰਘ ਦੇ ਬਰਖੁਰਦਾਰ ਸ. ਭਗਵਾਨ ਸਿੰਘ ਲੁਬਾਣਾ ਨੇ ਪ੍ਰੀ-ਇੰਜੀਨੀਅਰਿੰਗ (ਬੀ.ਐਸ.ਸੀ. ਪਾਰਟ-1) ਗੌਰਮਿੰਟ ਕਾਲਜ ਟਾਂਡਾ ਤੋਂ ਸੰਨ 1974 ਵਿਚ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤੀ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮੈਰਿਟ ਲਿਸਟ ਵਿਚ ਉੱਪਰਲੀ ਪੁਜ਼ੀਸ਼ਨ ਹਾਸਲ ਕੀਤੀ। ਸ. ਭਗਵਾਨ ਸਿੰਘ ਲੁਬਾਣਾ ਨੇ ਸੰਨ 1979 ਵਿਚ ਥਾਪਰ ਇੰਜੀਨੀਅਰਿੰਗ ਕਾਲਜ ਪਟਿਆਲਾ ਤੋਂ ਬੀ.ਈ. ਇਲੈਕਟ੍ਰੀਕਲ ਦੀ ਡਿਗਰੀ ਪਹਿਲੀ ਪੁਜ਼ੀਸ਼ਨ ਵਿਚ ਹਾਸਲ ਕੀਤੀ। ਇੰਜੀਨੀਅਰਿੰਗ ਦੀ ਡਿਗਰੀ ਹਾਸਲ ਕਰਨ ਉਪਰੰਤ ਸ. ਭਗਵਾਨ ਸਿੰਘ ਲੁਬਾਣਾ ਸਿੱਧੇ ਤੌਰ 'ਤੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਬਤੌਰ ਐਸ.ਡੀ.ਓ. ਨਿਯੁਕਤ ਹੋਏ ਅਤੇ ਇਸ ਮਹਿਕਮੇ ਵਿਚ ਸ਼ਾਨਦਾਰ ਸੇਵਾਵਾਂ ਅਤੇ ਇਲਾਕੇ ਦੇ ਕਈ ਨੌਜਵਾਨਾਂ ਨੂੰ ਭਰਤੀ ਕਰਵਾਉਣ ਉਪਰੰਤ ਬਤੌਰ ਡਿਪਟੀ ਚੀਫ਼ ਇੰਜੀਨੀਅਰ ਉੱਚ ਅਹੁਦੇ ਤੋਂ ਰਿਟਾਇਰ ਹੋਏ।

ਸ. ਭਗਵਾਨ ਸਿੰਘ ਲੁਬਾਣਾ ਨੇ ਬਤੌਰ ਅਫ਼ਸਰ ਤੋਂ ਇਲਾਵਾ ਸਾਹਿਤਕ ਖੇਤਰ ਵਿਚ ਉਸ ਸਮੇਂ ਨਾਮਣਾ ਖੱਟਿਆ, ਜਦ ਉਨ੍ਹਾਂ ਦੇ ਪੰਜਾਬ ਦੇ ਗੰਭੀਰ ਮਸਲਿਆਂ, ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਵਿਸ਼ਿਆਂ 'ਤੇ ਲੇਖ ਪੰਜਾਬ ਦੀ ਸਭ ਤੋਂ ਵੱਡੀ ਅਖ਼ਬਾਰ 'ਅਜੀਤ' ਵਿਚ ਛਪਣੇ ਸ਼ੁਰੂ ਹੋਏ। ਪੰਜਾਬ ਦੇ ਦਰਿਆਈ ਪਾਣੀਆਂ ਅਤੇ ਧਰਤੀ ਹੇਠਲੇ ਪਾਣੀਆਂ ਸਬੰਧੀ ਸ. ਭਗਵਾਨ ਸਿੰਘ ਲੁਬਾਣਾ ਨੇ

ਨਿਰੰਤਰ ਖੋਜ ਕਰਕੇ ਸੰਨ 1995 ਈ. ਵਿਚ 'ਪੰਜਾਬ ਦੇ ਪਾਣੀਆਂ ਦੀ ਦਾਸਤਾਨ' ਕਿਤਾਬ ਲਿਖੀ, ਜਿਸ ਦੀ ਚਰਚਾ ਸਮੁੱਚੇ ਪੰਜਾਬੀਆਂ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਹੋਈ। ਇਸ ਕਿਤਾਬ ਨੇ ਸ. ਭਗਵਾਨ ਸਿੰਘ ਲੁਬਾਣਾ ਦੇ ਨਾਮ ਨੂੰ ਸਮੁੱਚੇ ਪੰਜਾਬੀਆਂ ਵਿਚ ਮਕਬੂਲ ਕਰ ਦਿੱਤਾ। ਇਸ ਤੋਂ ਇਲਾਵਾ ਸ. ਭਗਵਾਨ ਸਿੰਘ ਲੁਬਾਣਾ ਦਾ ਆਪਣੇ ਭਾਈਚਾਰੇ ਪ੍ਰਤੀ ਮੋਹ ਹਮੇਸ਼ਾ ਕਾਇਮ ਰਿਹਾ ਅਤੇ ਇਸੇ ਸੰਦਰਭ ਵਿਚ ਉਨ੍ਹਾਂ ਨੇ 2 ਸਾਲ ਦੀ ਕਰੜੀ ਮਿਹਨਤ ਕਰਕੇ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਚਿੱਤਰ ਨੂੰ ਕਲਪਿਤ ਕੀਤਾ ਅਤੇ ਇਸ ਨੂੰ ਪ੍ਰਿੰਟ ਕਰਵਾਇਆ। ਇਹ ਚਿੱਤਰ ਅੱਜ ਸਮੁੱਚੇ ਸਿੱਖ ਪੰਥ ਅਤੇ ਵਿਸ਼ੇਸ਼ ਕਰਕੇ ਲੁਬਾਣਾ ਭਾਈਚਾਰੇ ਵੱਲੋਂ ਬੜੀ ਸ਼ਿੱਦਤ ਨਾਲ ਅਪਣਾਇਆ ਗਿਆ। ਇਸ ਤੋਂ ਇਲਾਵਾ ਇਨ੍ਹਾਂ ਨੇ ਬਾਬਾ ਮੱਖਣ ਸ਼ਾਹ ਲੁਬਾਣਾ ਯਾਦਗਾਰੀ ਗੇਟ ਦੀ ਉਸਾਰੀ ਸੰਨ 1996 ਈ. ਵਿਚ ਪਿੰਡ ਉਮਰਾਨੰਗਲ ਬਾਬਾ ਬਕਾਲਾ ਸਾਹਿਬ ਵਿਖੇ ਸ਼ੁਰੂ ਕਰਵਾਈ ਅਤੇ ਇਹ ਗੇਟ ਅੰਮ੍ਰਿਤਸਰ-ਜਲੰਧਰ ਜੀ.ਟੀ. ਰੋਡ 'ਤੇ ਸਥਿਤ ਹੈ।

ਸ. ਭਗਵਾਨ ਸਿੰਘ ਲੁਬਾਣਾ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਟਰੱਸਟ ਜਲੰਧਰ ਕਾਇਮ ਕੀਤਾ ਹੋਇਆ ਹੈ, ਜੋ ਕਿ ਲੋੜਵੰਦ ਬੱਚਿਆਂ ਨੂੰ ਪੜ੍ਹਾਉਣ ਅਤੇ ਲੋੜਵੰਦ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕਰ ਰਿਹਾ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਜੋ ਕਿ ਲੁਬਾਣਾ ਭਾਈਚਾਰੇ ਦੀ ਸਿਰਮੌਰ ਸੰਸਥਾ ਹੈ, ਉਸ ਵੱਲੋਂ ਛਪਵਾਏ ਜਾਂਦੇ ਮਾਸਿਕ ਮੈਗਜ਼ੀਨ 'ਲੁਬਾਣਾ ਸੇਵਕ' ਦੇ ਆਪ ਸੰਪਾਦਕ ਰਹੇ ਅਤੇ ਇਸ ਮੈਗਜ਼ੀਨ ਨੂੰ ਨਵੀਂ ਦਿੱਖ ਦੇਣ ਲਈ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ।

ਲੁਬਾਣਾ ਭਾਈਚਾਰੇ ਦੀ ਸਿਰਮੌਰ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਰਬਸੰਮਤੀ ਨਾਲ ਸ. ਭਗਵਾਨ ਸਿੰਘ ਲੁਬਾਣਾ ਦਾ 2024-2027 ਤੱਕ ਪ੍ਰਧਾਨ ਬਣਨ ਦਾ ਅਧਾਰ ਸਿਰਫ਼ ਤੇ ਸਿਰਫ਼ ਉਨ੍ਹਾਂ ਦੀ ਕਾਬਲੀਅਤ, ਸੰਜਮ ਭਰਿਆ ਵਿਹਾਰ, ਦੂਰਦ੍ਰਿਸ਼ਟੀ ਵਾਲੀ ਸੋਚ ਆਦਿ ਵਿਸ਼ੇਸ਼ ਗੁਣ ਹਨ। ਉਮੀਦ ਕੀਤੀ ਜਾਂਦੀ ਹੈ ਕਿ ਸ. ਭਗਵਾਨ ਸਿੰਘ ਲੁਬਾਣਾ ਇਸ ਫਾਊਂਡੇਸ਼ਨ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਉਣ ਵਿਚ ਕਈ ਅਜਿਹੇ ਕਾਰਜ ਉਲੀਕਣਗੇ ਜਿਸ ਨਾਲ ਇਹ ਫਾਊਂਡੇਸ਼ਨ ਹਰ ਖੇਤਰ ਵਿਚ ਹੋਰ ਕਾਰਜਸ਼ੀਲ ਬਣੇਗੀ।

**- ਸੰਪਾਦਕ**

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਵਧਾਈਆਂ ਵਧਾਈਆਂ ਵਧਾਈਆਂ

ਇੰਜੀ. ਭਗਵਾਨ ਸਿੰਘ ਲੁਬਾਣਾ ਨੂੰ ਲੁਬਾਣਾ ਬਰਾਦਰੀ ਦੀ ਸਤਿਕਾਰਯੋਗ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ 'ਤੇ ਬਹੁਤ-ਬਹੁਤ ਵਧਾਈਆਂ। ਸ. ਭਗਵਾਨ ਸਿੰਘ ਲੁਬਾਣਾ ਵਧੀਆ ਇਨਸਾਨ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ ਕਾਮਯਾਬੀ ਦੀ ਅਰਦਾਸ ਕਰਦੀ ਹਾਂ।



ਬੀਬੀ ਜਗੀਰ ਕੌਰ
ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ.

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ 'ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਬਹੁਤ-ਬਹੁਤ ਮੁਬਾਰਕਾਂ। ਲੁਬਾਣਾ ਸਾਬ੍ਹ ਇਕ ਵਧੀਆ ਇਨਸਾਨ, ਵਧੀਆ ਲਿਖਾਰੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਫਾਊਂਡੇਸ਼ਨ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇ।



ਸ. ਸੰਗਤ ਸਿੰਘ ਗਿਲਜੀਆਂ
ਸਾਬਕਾ ਕੈਬਨਿਟ ਮੰਤਰੀ

# ਵਧਾਈਆਂ ਵਧਾਈਆਂ ਵਧਾਈਆਂ

ਸਾਲ 2024-2027 ਲਈ ਸਰਬਸੰਮਤੀ ਨਾਲ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਪ੍ਰਧਾਨ ਚੁਣੇ ਜਾਣ 'ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਬਹੁਤ-ਬਹੁਤ ਮੁਬਾਰਕਾਂ। ਲੁਬਾਣਾ ਸਾਬ੍ਹ ਵਧੀਆ ਇਨਸਾਨ ਦੇ ਨਾਲ-ਨਾਲ ਇਕ ਚੰਗੇ ਲੇਖਕ, ਯੋਗ ਪ੍ਰਬੰਧਕ ਅਤੇ ਕੁਸ਼ਲ ਆਗੂ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਫਾਊਂਡੇਸ਼ਨ ਬਰਾਦਰੀ ਦੀ ਹੋਰ ਵੱਧ ਚੜ੍ਹ ਕੇ ਸੇਵਾ ਕਰੇਗੀ।



**ਸ. ਬਲਬੀਰ ਸਿੰਘ ਮਿਆਣੀ**
**ਸਾਬਕਾ ਮੰਤਰੀ ਪੰਜਾਬ**

ਲੁਬਾਣਾ ਬਰਾਦਰੀ ਦੀ ਸਤਿਕਾਰਯੋਗ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਇੰਜੀ. ਭਗਵਾਨ ਸਿੰਘ ਲੁਬਾਣਾ ਨੂੰ ਪ੍ਰਧਾਨ ਚੁਣੇ ਜਾਣ 'ਤੇ ਬਹੁਤ-ਬਹੁਤ ਵਧਾਈਆਂ। ਸ. ਭਗਵਾਨ ਸਿੰਘ ਲੁਬਾਣਾ ਵਧੀਆ ਇਨਸਾਨ, ਕਲਮ ਦੇ ਧਨੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ ਤੰਦਰੁਸਤੀ ਅਤੇ ਕਾਮਯਾਬੀ ਦੀ ਅਰਦਾਸ ਕਰਦਾ ਹਾਂ।



**ਸ. ਲਖਵਿੰਦਰ ਸਿੰਘ ਲੱਖੀ**
**ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ**

# ਵਧਾਈਆਂ ਵਧਾਈਆਂ ਵਧਾਈਆਂ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ 'ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਬਹੁਤ-ਬਹੁਤ ਮੁਬਾਰਕਾਂ। ਲੁਬਾਣਾ ਸਾਬ੍ਹ ਇਕ ਵਧੀਆ ਇਨਸਾਨ, ਵਧੀਆ ਲਿਖਾਰੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਫਾਊਂਡੇਸ਼ਨ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇ।



**Er. Harbhajan SINGH**
Dy. Chief Engineer (Retd.)
Ex. President Foundation

ਇੰਜੀ. ਭਗਵਾਨ ਸਿੰਘ ਲੁਬਾਣਾ ਨੂੰ ਲੁਬਾਣਾ ਬਰਾਦਰੀ ਦੀ ਸਤਿਕਾਰਯੋਗ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ 'ਤੇ ਬਹੁਤ-ਬਹੁਤ ਵਧਾਈਆਂ। ਸ. ਭਗਵਾਨ ਸਿੰਘ ਲੁਬਾਣਾ ਵਧੀਆ ਇਨਸਾਨ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ ਕਾਮਯਾਬੀ ਦੀ ਅਰਦਾਸ ਕਰਦਾ ਹਾਂ।



**S. Gurcharan Singh**
**Ex-President**
**BMSL Foundation Chd.**

# ਵਧਾਈਆਂ ਵਧਾਈਆਂ ਵਧਾਈਆਂ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਜੋ ਕਿ ਲੁਬਾਣਾ ਬਰਾਦਰੀ ਦੀ ਸਤਿਕਾਰਯੋਗ ਸੰਸਥਾ ਹੈ, ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਇੰਜੀ. ਭਗਵਾਨ ਸਿੰਘ ਲੁਬਾਣਾ ਨੂੰ ਪ੍ਰਧਾਨ ਚੁਣੇ ਜਾਣ 'ਤੇ ਬਹੁਤ-ਬਹੁਤ ਵਧਾਈਆਂ। ਸ. ਭਗਵਾਨ ਸਿੰਘ ਲੁਬਾਣਾ ਵਧੀਆ ਇਨਸਾਨ, ਕਲਮ ਦੇ ਧਨੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ ਤੰਦਰੁਸਤੀ ਅਤੇ ਕਾਮਯਾਬੀ ਦੀ ਅਰਦਾਸ ਕਰਦਾ ਹਾਂ।



ਸ. ਪ੍ਰੀਤਮ ਸਿੰਘ ਨਾਰੰਗਪੁਰ
ਸਾਬਕਾ ਪ੍ਰਧਾਨ ਬ.ਮ.ਸ.ਲ. ਫਾਊਂਡੇਸ਼ਨ ਚੰਡੀਗੜ੍ਹ

ਸਾਲ 2024-2027 ਲਈ ਸਰਬਸੰਮਤੀ ਨਾਲ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਪ੍ਰਧਾਨ ਚੁਣੇ ਜਾਣ 'ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਬਹੁਤ-ਬਹੁਤ ਮੁਬਾਰਕਾਂ। ਲੁਬਾਣਾ ਸਾਬ੍ਹ ਵਧੀਆ ਇਨਸਾਨ ਦੇ ਨਾਲ-ਨਾਲ ਇਕ ਚੰਗੇ ਲੇਖਕ, ਯੋਗ ਪ੍ਰਬੰਧਕ ਅਤੇ ਕੁਸ਼ਲ ਆਗੂ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਫਾਊਂਡੇਸ਼ਨ ਬਰਾਦਰੀ ਦੀ ਹੋਰ ਵੱਧ ਚੜ੍ਹ ਕੇ ਸੇਵਾ ਕਰੇਗੀ।



**S. Jagir Singh Lalia**
**Ex-President**
**BMSL Foundation Chd.**

# ਵਧਾਈਆਂ ਵਧਾਈਆਂ ਵਧਾਈਆਂ

ਲੁਬਾਣਾ ਬਰਾਦਰੀ ਦੀ ਸਤਿਕਾਰਯੋਗ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਇੰਜੀ. ਭਗਵਾਨ ਸਿੰਘ ਲੁਬਾਣਾ ਨੂੰ ਪ੍ਰਧਾਨ ਚੁਣੇ ਜਾਣ 'ਤੇ ਬਹੁਤ-ਬਹੁਤ ਵਧਾਈਆਂ। ਸ. ਭਗਵਾਨ ਸਿੰਘ ਲੁਬਾਣਾ ਵਧੀਆ ਇਨਸਾਨ, ਕਲਮ ਦੇ ਧਨੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ ਤੰਦਰੁਸਤੀ ਅਤੇ ਕਾਮਯਾਬੀ ਦੀ ਅਰਦਾਸ ਕਰਦਾ ਹਾਂ।



ਸ. ਭਗਤ ਸਿੰਘ

ਸਾਬਕਾ ਪ੍ਰਧਾਨ ਬ.ਮ.ਸ.ਲ. ਫਾਊਂਡੇਸ਼ਨ ਚੰਡੀਗੜ੍ਹ

ਸਾਲ 2024-2027 ਲਈ ਸਰਬਸੰਮਤੀ ਨਾਲ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਪ੍ਰਧਾਨ ਚੁਣੇ ਜਾਣ 'ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਬਹੁਤ-ਬਹੁਤ ਮੁਬਾਰਕਾਂ। ਲੁਬਾਣਾ ਸਾਬ੍ਹ ਵਧੀਆ ਇਨਸਾਨ ਦੇ ਨਾਲ-ਨਾਲ ਇਕ ਚੰਗੇ ਲੇਖਕ, ਯੋਗ ਪ੍ਰਬੰਧਕ ਅਤੇ ਕੁਸ਼ਲ ਆਗੂ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਫਾਊਂਡੇਸ਼ਨ ਬਰਾਦਰੀ ਦੀ ਹੋਰ ਵੱਧ ਚੜ੍ਹ ਕੇ ਸੇਵਾ ਕਰੇਗੀ।



ਚੇਅਰਮੈਨ ਕੁਲਦੀਪ ਸਿੰਘ ਪਿਹੋਵਾ

ਹਰਿਆਣਾ


# ਵਧਾਈਆਂ ਵਧਾਈਆਂ ਵਧਾਈਆਂ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ ’ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਬਹੁਤ-ਬਹੁਤ ਮੁਬਾਰਕਾਂ। ਲੁਬਾਣਾ ਸਾਬ੍ਹ ਇਕ ਵਧੀਆ ਇਨਸਾਨ, ਵਧੀਆ ਲਿਖਾਰੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ ’ਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਫਾਊਂਡੇਸ਼ਨ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇ।



ਜਥੇਦਾਰ ਤਾਰਾ ਸਿੰਘ ਸੱਲਾ
ਮੈਂਬਰ ਐਸ.ਜੀ.ਪੀ.ਸੀ.

ਇੰਜੀ. ਭਗਵਾਨ ਸਿੰਘ ਲੁਬਾਣਾ ਨੂੰ ਲੁਬਾਣਾ ਬਰਾਦਰੀ ਦੀ ਸਤਿਕਾਰਯੋਗ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ ’ਤੇ ਬਹੁਤ-ਬਹੁਤ ਵਧਾਈਆਂ। ਸ. ਭਗਵਾਨ ਸਿੰਘ ਲੁਬਾਣਾ ਵਧੀਆ ਇਨਸਾਨ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ ’ਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ ਕਾਮਯਾਬੀ ਦੀ ਅਰਦਾਸ ਕਰਦਾ ਹਾਂ।



ਸ. ਮਨਜੀਤ ਸਿੰਘ ਦਸੂਹਾ
ਸੀਨੀਅਰ ਅਕਾਲੀ ਨੇਤਾ

# ਵਧਾਈਆਂ ਵਧਾਈਆਂ ਵਧਾਈਆਂ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣ ’ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਬਹੁਤ-ਬਹੁਤ ਮੁਬਾਰਕਾਂ। ਲੁਬਾਣਾ ਸਾਬ੍ਹ ਇਕ ਵਧੀਆ ਇਨਸਾਨ, ਵਧੀਆ ਲਿਖਾਰੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ ’ਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਫਾਊਂਡੇਸ਼ਨ ਦਿਨ ਦੁਗਣੀ ਰਾਤ ਚੌਗੁਣੀ ਤਰੱਕੀ ਕਰੇ।



ਸ. ਮਹਿੰਦਰ ਸਿੰਘ
ਡੀ.ਐਸ.ਪੀ. ਸੇਵਾ ਮੁਕਤ

ਲੁਬਾਣਾ ਬਰਾਦਰੀ ਦੀ ਸਤਿਕਾਰਯੋਗ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਇੰਜੀ. ਭਗਵਾਨ ਸਿੰਘ ਲੁਬਾਣਾ ਨੂੰ ਪ੍ਰਧਾਨ ਚੁਣੇ ਜਾਣ ’ਤੇ ਬਹੁਤ-ਬਹੁਤ ਵਧਾਈਆਂ। ਸ. ਭਗਵਾਨ ਸਿੰਘ ਲੁਬਾਣਾ ਵਧੀਆ ਇਨਸਾਨ, ਕਲਮ ਦੇ ਧਨੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ ’ਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ ਤੰਦਰੁਸਤੀ ਅਤੇ ਕਾਮਯਾਬੀ ਦੀ ਅਰਦਾਸ ਕਰਦਾ ਹਾਂ।



ਸ. ਅਵਤਾਰ ਸਿੰਘ
ਡੀ.ਐਸ.ਪੀ. ਸੇਵਾ ਮੁਕਤ

# ਵਧਾਈਆਂ ਵਧਾਈਆਂ ਵਧਾਈਆਂ

ਲੁਬਾਣਾ ਬਰਾਦਰੀ ਦੀ ਸਤਿਕਾਰਯੋਗ ਸੰਸਥਾ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਸਰਬਸੰਮਤੀ ਨਾਲ ਇੰਜੀ. ਭਗਵਾਨ ਸਿੰਘ ਲੁਬਾਣਾ ਨੂੰ ਪ੍ਰਧਾਨ ਚੁਣੇ ਜਾਣ 'ਤੇ ਬਹੁਤ-ਬਹੁਤ ਵਧਾਈਆਂ। ਸ. ਭਗਵਾਨ ਸਿੰਘ ਲੁਬਾਣਾ ਵਧੀਆ ਇਨਸਾਨ, ਕਲਮ ਦੇ ਧਨੀ, ਕੁਸ਼ਲ ਆਗੂ ਅਤੇ ਯੋਗ ਪ੍ਰਬੰਧਕ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਉਨ੍ਹਾਂ ਦੀ ਤੰਦਰੁਸਤੀ ਅਤੇ ਕਾਮਯਾਬੀ ਦੀ ਅਰਦਾਸ ਕਰਦਾ ਹਾਂ।



ਯੁਵਰਾਜ ਭੁਪਿੰਦਰ ਸਿੰਘ
ਬੇਗੋਵਾਲ

ਸਾਲ 2024-2027 ਲਈ ਸਰਬਸੰਮਤੀ ਨਾਲ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਪ੍ਰਧਾਨ ਚੁਣੇ ਜਾਣ 'ਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਬਹੁਤ-ਬਹੁਤ ਮੁਬਾਰਕਾਂ। ਲੁਬਾਣਾ ਸਾਬ੍ਹ ਵਧੀਆ ਇਨਸਾਨ ਦੇ ਨਾਲ-ਨਾਲ ਇਕ ਚੰਗੇ ਲੇਖਕ, ਯੋਗ ਪ੍ਰਬੰਧਕ ਅਤੇ ਕੁਸ਼ਲ ਆਗੂ ਹਨ। ਮੈਂ ਲੁਬਾਣਾ ਸਾਬ੍ਹ ਨੂੰ ਫਾਊਂਡੇਸ਼ਨ ਦੀ ਪ੍ਰਧਾਨਗੀ ਦੀ ਸੇਵਾ ਦਾ ਮੌਕਾ ਮਿਲਣ 'ਤੇ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਫਾਊਂਡੇਸ਼ਨ ਬਰਾਦਰੀ ਦੀ ਹੋਰ ਵੱਧ ਚੜ੍ਹ ਕੇ ਸੇਵਾ ਕਰੇਗੀ।



ਸ. ਸੁਰਜੀਤ ਸਿੰਘ ਕੈਰੇ
ਸੀਨੀਅਰ ਅਕਾਲੀ ਨੇਤਾ

ਵਿਸਾਖੀ 'ਤੇ ਵਿਸ਼ੇਸ਼

# ਖਾਲਸਾ ਪੰਥ ਦੀ ਸਥਾਪਨਾ




ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ ੧੦ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**

(ਪੰਨਾ ੯੬੬)

ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ (੧੬੯੯ ਈ:) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਵੇਲੇ ਤਕ ਹਾੜ੍ਹੀ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਦਿਵਾਉਣ ਲਈ ਅਤੇ ਉਸ ਦੇ ਸਰਬ ਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ। ਇਕ ਨਵੇਂ ਸਜਰੇ ਜੀਵਨ ਦੀ ਸ਼ੁਰੂਆਤ ਸੀ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ— ਖਾਲਸੇ ਦੀ ਸਾਜਨਾ। ਖਾਲਸਾ ਇੱਕ ਆਦਰਸ਼ ਪੁਰਖ ਹੈ। ਇਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਵ ਪੱਖੀ, ਸਰਬ ਪ੍ਰਕਾਰ ਦੇ ਸਦ ਗੁਣਾਂ ਨਾਲ ਭਰਪੂਰ, ਆਤਮ ਵਿਸ਼ਵਾਸ, ਸਵੈ ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ ਸਿਪਾਹੀ ਵੀ, ਖਾਲਸਾ ਗੁਰੂ ਵੀ ਹੈ ਤੇ ਸਿੱਖ ਵੀ, ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ, ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥**

(ਪੰਨਾ ੪੬੯)

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤ ਦਾ ਪੂਜਕ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ:

**ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥**
**ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥**

(ਪੰਨਾ ੧੪੨)


ਖਾਲਸਾ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਹਿਮ ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਵੀ ਮਿਸਾਲ ਪੇਸ਼ ਕੀਤੀ ਹੈ।

**ਖਾਲਸ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।**

**ਭਰਮ ਭੇਖ ਤੇ ਰਹੈ ਨਿਆਰਾ,**

**ਸੋ ਖਾਲਸ ਸਤਿਗੁਰੂ ਹਮਾਰਾ।**

(**ਸ੍ਰੀ ਗੁਰ ਸੋਭਾ**)



ਵੈਸਾਖੀ ਦੇ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਅਸਥਾਨ ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਕੋਲੋਂ ਸੀਸ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ, ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ।ਖੰਡੇ ਬਾਟੇ ਦੀ ਪਾਹੁਲ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਈ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ ਸਿੰਘ ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਵਰਣ ਨਾਸ ਕਰ ਕੇ ਖਾਲਸੇ ਦਾ ਰੂਪ ਬਖ਼ਸ਼ਿਆ। ਫਿਰ ਇਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਗੁਰੂ ਦੀ ਇਕ ਸੰਸਥਾ ਦਾ ਰੂਪ ਦੇ ਦਿੱਤਾ ਤਾਂ ਜੋ ਗੁਰਮਤਿ ਦਾ ਪ੍ਰਚਾਰ ਨਿਰੰਤਰ, ਸਰਵਕਾਲ ਤੇ ਸਰਵ ਵਿਆਪਕ ਕੀਤਾ ਜਾ ਸਕੇ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਨੀ ਜਪੁਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇਕ ਹੀ ਸਮਝਿਆ ਗਿਆ ਹੈ ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥**

(ਪੰਨਾ ੪੪੪)

**ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥**

**ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥**

(ਪੰਨਾ ੩)

ਇਹ ਪੰਚ ਜਾਂ ਬ੍ਰਹਮ ਗਿਆਨੀ ਸਿੱਖ ਖਾਲਸੇ ਦੀ ਰਹਿਣੀ ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ 'ਸਾਬਤ ਸੂਰਤ ਦਸਤਾਰ ਸਿਰਾ' ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ-ਕਛਹਿਰਾ, ਕੇਸ, ਕਿਰਪਾਨ, ਕੰਘਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ-ਤਮਾਕੂ, ਕੁੱਠਾ, ਪਰ ਇਸਤਰੀ ਦਾ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜਿਉਂਣਾ ਨਹੀਂ ਹੈ। ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ। ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ। ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੇ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦਿੱਤਾ ਹੁੰਦਾ ਹੈ। ਖਾਲਸੇ ਲਈ ਇਹ ਸ਼ਰਤ ਰੱਖ ਦਿੱਤੀ ਸੀ:

**ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।**

**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵਸਾਗਰ ਤਾਰੈ।**

**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥**

**ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥**

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਰਾਹੀਂ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ ੧੭੧੦ ਈ: ਨੂੰ ਸਰਹਿੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਖਾਲਸਾਈ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ ਜਿਨ੍ਹਾਂ ਨੇ ਬਦੇਸ਼ੀ ਜਰਵਾਨਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ ਜਿਨ੍ਹਾਂ ਤੋਂ ਖ਼ੂੰਖਾਰ



ਪਠਾਣ ਵੀ ਭੈਅ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ 'ਹਰੀਆ ਰਾਗਲੇ' ਕਹਿ ਕੇ ਰੋਣ ਤੋਂ ਚੁੱਪ ਕਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ। ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਮੈਂ ਇਹ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸਾਖੀ ਰੱਖ ਕੇ ਕਹਿ ਰਿਹਾ ਹਾਂ:

**ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌ ਕਰੌ ਨਿਵਾਸ।**
**ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹੀਅਤਿ ਬਿਰਦ।**
**ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।**
**ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।**
**ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।**
**ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।**
(**ਸਰਬ ਲੋਹ ਗ੍ਰੰਥ**)


ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ। ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ।

**ਖਾਲਸਾ ਅਕਾਲ ਪੁਰਖ ਕੀ ਫੌਜ।**
**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**
**ਜਬ ਲਗ ਖਾਲਸਾ ਰਹੇ ਨਿਆਰਾ।**
**ਤਬ ਲਗ ਤੇਜ ਦੀਉ ਮੈਂ ਸਾਰਾ।** (**ਸਰਬ ਲੋਹ**)

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਂਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਆਂ ਲੜਾਈਆਂ ਵਿਚ ਘੱਟ ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫਤਿਹ ਹਾਸਿਲ ਕੀਤੀ। ਇਸ ਤਰ੍ਹਾਂ ਅਤੀ ਔਖੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ। ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ, ਗੁਰੂ ਸਾਹਿਬਾਂ ਦੇ ਉੱਚੇ ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ ਤ੍ਰੈ ਕਾਲੀ ਦ੍ਰਿਸ਼ਟੀ ਅਤੇ ਬੇਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹਨ। ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ। ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।

# ਖ਼ਾਲਸੇ ਦੀ ਸਿਰਜਣਾ


**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਕੋ-ਐਡੀਟਰ**
**99153-57524**



ਵਿਸਾਖੀ 1699 ਵਾਲੇ ਦਿਹਾੜੇ ਮਨੁੱਖਤਾ ਦੇ ਇਤਿਹਾਸ ਵਿਚ ਇਕ ਮਹਾਨ ਇਨਕਲਾਬੀ ਮੋੜ ਆਇਆ। ਉਸ ਦਿਹਾੜੇ ਦੀ ਚੜ੍ਹੀ ਨਵੀਂ ਪ੍ਰਭਾਤ ਨਾਲ ਮਨੁੱਖੀ ਬਰਾਬਰਤਾ ਤੇ ਸੁਤੰਤਰਤਾ ਦਾ ਯੁੱਗ ਆਰੰਭ ਹੋਇਆ। ਉਸ ਮਹਾਨ ਦਿਹਾੜੇ ਅਨੰਦਪੁਰ ਸਾਹਿਬ ਦੀ ਧਰਤੀ ’ਤੇ ਇਕ ਅਜਿਹਾ ਪਰਿਵਰਤਨ ਆਇਆ ਜੋ ਸੰਸਾਰ ਦੀ ਅੱਖ ਨੇ ਨਾ ਪਹਿਲਾਂ ਕਦੀ ਤੱਕਿਆ ਸੀ ਅਤੇ ਨਾ ਹੀ ਤੱਕਣਾ ਹੈ। ਇਸ ਅਲੌਕਿਕ ਖੇਡ ਦਾ ਭੇਦ ਉਦੋਂ ਖੁਲ੍ਹਿਆ ਜਦ ਇਕ-ਇਕ ਖ਼ਾਲਸਾ, ਸਵਾ-ਸਵਾ ਲੱਖ ਨਾਲ ਟਕਰਾਉਣ ਲੱਗ ਪਿਆ। ਖੰਡੇ-ਬਾਟੇ ਦਾ ਅੰਮ੍ਰਿਤ ਛਕਦਿਆਂ ਸਾਰ ਸਿੱਖਾਂ ਦੀ ਕਾਇਆ ਹੀ ਪਲਟ ਗਈ।

ਰਣਜੀਤ ਨਗਾਰੇ ਤੋਂ ਸਰਬ-ਪੱਖੀ ਅਜ਼ਾਦੀ ਦੇ ਡੰਕੇ ਵੱਜਣ ਦੀ ਦੇਰ ਸੀ ਕਿ ਹਜ਼ਾਰਾਂ ਸਾਲਾਂ ਦੇ ਲਤਾੜੇ ਹੋਏ ਲੋਕਾਂ ਦੀਆਂ ਸੁੱਤੀਆਂ ਤਕਦੀਰਾਂ ਜਾਗ ਪਈਆਂ, ਸਦੀਆਂ ਦੇ ਗੁਲਾਮਾਂ ਦੀ ਗ਼ੁਲਾਮੀ ਦੇ ਸੰਗਲ ਟੁੱਟਣੇ ਸ਼ੁਰੂ ਹੋ ਗਏ, ਬ੍ਰਾਹਮਣਵਾਦੀ ਜਾਤਪਾਤ ਤੇ ਛੂਤਛਾਤ ਦੀਆਂ ਜ਼ੰਜ਼ੀਰਾਂ ਟੁੱਟਣ ਲੱਗ ਪਈਆਂ। ਦਸਮੇਸ਼ ਪਿਤਾ ਦੇ ਅੰਮ੍ਰਿਤ ਨੇ ਬ੍ਰਾਹਮਣਵਾਦ ਦੀ ਦੁਰਕਾਰੀ ਹੋਈ ਰਹਿੰਦ-ਖੂੰਦ ਵਿਚ ਅਜਿਹੀ ਸ਼ਕਤੀ ਤੇ ਬਲ ਭਰਿਆ ਕਿ ਉਹ ਨਿਡਰ ਦਲੇਰ, ਸੂਰਬੀਰ ਯੋਧੇ ਬਣ ਕੇ ਮੈਦਾਨ ਵਿਚ ਆ ਨਿੱਤਰੇ। ਖੰਡੇ ਦੀ ਪਾਹੁਲ ਛਕਦਿਆਂ ਹੀ ਖਾਲਸੇ ਨੇ ਲਲਕਾਰ ਨਾਲ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨੀਆਂ ਆਰੰਭ ਦਿੱਤੀਆਂ। ਗੁਰੂ ਨਾਨਕ ਸਾਹਿਬ ਨੇ ਸੰਸਾਰ ਵਿਚ ਪਹਿਲੀ ਵਾਰ ਇਸਤਰੀ ਨੂੰ ਸਮਾਜ ਵਿਚ ਬਰਾਬਰਤਾ ਦਾ ਸਨਮਾਨ ਬਖ਼ਸ਼ ਕੇ ਇਸਤਰੀ ਦੀ ਬਰਾਬਰਤਾ ਦੇ ਪੂਰਨੇ ਪਾਏ ਅਤੇ ਦਸਮੇਸ਼ ਪਿਤਾ ਨੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾ ਕੇ ਸ਼ੇਰਨੀਆਂ ਬਣਾਇਆ। ਅਨੇਕਾਂ ਹੀ ਸਿੱਖ ਇਸਤਰੀਆਂ ਨੇ ਦਲੇਰੀ, ਨਿਰਭੈਤਾ ਅਤੇ ਸੂਰਮਗਤੀ ਦੇ ਅਜਿਹੇ ਜੌਹਰ ਵਿਖਾਏ ਸਨ, ਜਿਹੜੇ ਮਰਦਾਂ ਦੇ ਕਾਰਨਾਮਿਆਂ ਨੂੰ ਵੀ ਮਾਤ ਕਰਦੇ ਹਨ।

ਬਾਬੇ ਨਾਨਕ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੇ ਸਾਰੇ ਪ੍ਰਚਾਰ ਦਾ ਅੰਤਮ ਨਿਸ਼ਾਨਾ ਖਾਲਸੇ ਦੀ ਸਾਜਨਾ ਸੀ। ਖਾਲਸਾ ਸਾਜਣ ਦੀ ਬੁਨਿਆਦ ਵੀ ਬਾਬੇ ਨਾਨਕ ਨੇ ਆਪ ਹੀ ਰੱਖੀ। ਖਾਲਸਾ-ਪੰਥ ਵਿਚ ਦਾਖਲੇ ਦੀਆਂ ਕਰੜੀਆਂ ਸ਼ਰਤਾਂ ਵੀ ਆਪ ਜੀ ਨੇ ਆਪ ਹੀ ਨਿਸ਼ਚਿਤ ਕੀਤੀਆਂ ਅਤੇ ਸਪੱਸ਼ਟ ਕਿਹਾ ਕਿ ਜੇ ਸਭ ਨੂੰ ਪਿਆਰ ਕਰਨਾ ਸਿੱਖਣਾ ਹੈ ਅਤੇ ਇਸ ਕੁਰਬਾਨੀ ਵਾਲੇ ਮਾਰਗ ਦਾ ਰਾਹੀਂ ਬਨਣਾ ਹੈ ਤਾਂ ਪਹਿਲੀ ਸ਼ਰਤ ਇਹ ਹੈ ਕਿ ਸਿਰ ਤਲੀ ’ਤੇ ਧਰਨਾ (ਮਰਨ ਲਈ ਹਰ ਵੇਲੇ ਤੱਤਪਰ ਰਹਿਣਾ) ਪਏਗਾ। ਇਸ ਮਾਰਗ ’ਤੇ ਪੈਰ ਰੱਖਣ ਲਈ ਦੂਜੀ ਸ਼ਰਤ ਇਹ ਕਿ ਸਿਰ ਦੇਣ ਲੱਗਿਆਂ ਕਿਰਸ ਨਹੀਂ ਕਰਨੀ ਪਵੇਗੀ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥** (ਪੰਨਾ - ੧੪੧੨)


ਦਸਮੇਸ਼ ਪਿਤਾ ਨੇ “ਇਤੁ ਮਾਰਗਿ ਪੈਰੁ ਧਰੀਜੈ-ਸਿਰੁ ਦੀਜੈ ਕਾਣਿ ਨ ਕੀਜੈ” ਦਾ 230 ਸਾਲਾਂ ਤੋਂ ਅਭਿਆਸ ਕਰਦੇ ਆ ਰਹੇ ਸਿੱਖਾਂ ਨੂੰ ਉਸ ਸੁਭਾਗੇ ਵਿਸਾਖੀ ਵਾਲੇ ਦਿਹਾੜੇ, ਕਰੜੇ ਇਮਤਿਹਾਨ ਦਾ ਪਰਚਾ ਪਾਉਣ ਦਾ ਪਲਾਨ ਉਲੀਕਿਆ। ਦੇਸ਼ ਦੇ ਕੋਨੇ-ਕੋਨੇ ਤੇ ਦੂਰ-ਦੁਰੇਡੇ ਦੀਆਂ ਸਿੱਖ-ਸੰਗਤਾਂ ਨੂੰ ਉਸ ਵਿਸਾਖੀ ਦੇ ਮੌਕੇ ਹੁੰਮ-ਹੁਮਾ ਕੇ ਪੁੱਜਣ ਦੇ ਹੁਕਮਨਾਮੇ ਅਤੇ ਪ੍ਰਚਾਰਕ ਭੇਜੇ। ਹਜ਼ਾਰਾਂ ਗੁਰੂ ਦੇ ਸਿੱਖ ਲੰਮੇ ਪੈਂਡੇ ਝਾਗ ਕੇ ਗੁਰੂ-ਹੁਕਮ ਅਨੁਸਾਰ ਇਕੱਠੇ ਹੋਣੇ ਸ਼ੁਰੂ ਹੋ ਗਏ। ਸ੍ਰੀ ਕੇਸਗੜ੍ਹ ਵਾਲੀ ਥਾਂ ਤੰਬੂ-ਕਨਾਤਾਂ ਲਾਈਆਂ ਗਈਆਂ। ਸਿੱਖ ਸ਼ਰਧਾਲੂਆਂ ਦੇ ਦਿਲਾਂ ਅੰਦਰ ਗੁਰੂ-ਦਰਸ਼ਨਾਂ ਦੀਆਂ ਤਾਂਘਾਂ ਦਾ ਜੋਸ਼ ਤੇ ਉਤਾਹ ਠਾਠਾਂ ਮਾਰ ਰਿਹਾ ਸੀ। ਆਖ਼ਿਰ ਉਹ ਜੁਗ-ਪਲਟਾਊ ਸਵੇਰ ਚੜ੍ਹੀ, ਭਾਰੀ ਦੀਵਾਨ ਸਜਿਆ,

ਸਿੱਖ-ਸੰਗਤਾਂ ਰਸ-ਭਿੰਨੇ ਕੀਰਤਨ-ਹੁਲਾਰਿਆਂ ਨਾਲ ਆਪਣੇ ਤਪਤ ਹਿਰਦਿਆਂ ਨੂੰ ਠਾਰਨ ਲੱਗੀਆਂ ਅਤੇ ਸਤਿਗੁਰਾਂ ਦੇ ਵਿਸ਼ੇਸ਼ ਬਚਨ ਸੁਣਨ ਲਈ ਤਾਂਘਣ ਲੱਗੀਆਂ।

ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪੈਂਦਿਆਂ ਹੀ ਦਸਮੇਸ਼ ਪਿਤਾ ਖੜ੍ਹੇ ਹੋ ਗਏ। ਮਿਆਨ ਵਿਚੋਂ ਲਿਸ਼ਕਦੀ ਕਿਰਪਾਨ ਖਿੱਚ ਕੇ ਗਰਜਵੀਂ ਆਵਾਜ਼ ਵਿਚ ਸਿੱਖ-ਸੰਗਤਾਂ ਨੂੰ ਸੰਬੋਧਨ ਕਰਦਿਆਂ ਫ਼ੁਰਮਾਇਆ, "ਅੱਜ ਗੁਰੂ ਦੇ ਸਿੱਖਾਂ ਦਾ ਇਮਤਿਹਾਨ ਹੈ। ਹੈ ਕੋਈ ਸਿੱਖ, ਜੋ ਇਸ ਕਿਰਪਾਨ ਦੀ ਪਿਆਸ ਬੁਝਾਉਣ ਲਈ ਆਪਣਾ ਸਿਰ ਭੇਟ ਕਰੇ?" ਆਪ ਜੀ ਨੇ ਕਿਰਪਾਨ ਸਿਰੋਂ ਉੱਚੀ ਕਰਕੇ ਫੇਰ ਸਿਰ ਦੀ ਮੰਗ ਦੁਹਰਾਈ। ਇਹ ਮੰਗ ਸੁਣ ਕੇ ਸਭ ਪਾਸੇ ਸਨਾਟਾ ਛਾ ਗਿਆ। ਸਭ ਪਾਸੇ ਚੁਪ ਵਰਤ ਗਈ। ਕੋਈ ਨਾ ਉਠਿਆ। ਤੀਜੀ ਵਾਰ ਜਦ ਗੁਰੂ ਸਾਹਿਬ ਨੇ ਸਿਰ ਦੇਣ ਦੀ ਮੰਗ ਦੁਹਰਾਈ ਤਾਂ ਇਸ ਵਾਰ ਭਾਈ ਦਇਆ ਰਾਮ ਜੀ, ਦੂਜੀ ਮੰਗ ਦੇ ਉੱਤਰ ਵਿਚ ਭਾਈ ਧਰਮ ਚੰਦ (ਖੱਤਰੀ), ਤੀਜੀ ਵਾਰ ਭਾਈ ਮੋਹਕਮ ਚੰਦ (ਛੀਂਬਾ), ਚੌਥੀ ਵਾਰ ਭਾਈ ਸਾਹਿਬ ਚੰਦ (ਨਾਈ) ਅਤੇ ਪੰਜਵੀਂ ਵਾਰ ਭਾਈ ਹਿੰਮਤ ਰਾਏ (ਝੀਉਰ) ਨਿੱਤਰੇ ਅਤੇ ਆਪਣੇ ਸਿਰ ਗੁਰੂ ਸਾਹਿਬ ਦੇ ਹਵਾਲੇ ਕੀਤੇ। ਗੁਰੂ ਸਾਹਿਬ ਜਦ ਤੰਬੂ ਵਿਚੋਂ ਬਾਹਰ ਆਏ ਤਾਂ ਆਪ ਜੀ ਦਾ ਨੂਰਾਨੀ ਚਿਹਰਾ ਖਿੜਿਆ ਹੋਇਆ ਅਤੇ ਅੱਖਾਂ ਵਿਚ ਰੂਹਾਨੀ ਜਲਾਲ ਸੀ। ਅੱਗੇ-ਅੱਗੇ ਆਪ ਸਨ ਅਤੇ ਪਿੱਛੇ-ਪਿੱਛੇ ਆਪਣਾ ਸਿਰ ਭੇਟ ਕਰਨ ਵਾਲੇ ਪੰਜੇ ਮਹਾਨ ਸੂਰਮੇ ਨਵੇਂ ਸਜੀਲੇ ਪਹਿਰਾਵੇ ਵਿਚ! ਉਸ ਇਲਾਹੀ ਚਮਤਕਾਰ ਨੂੰ ਵੇਖ ਕੇ ਸਭ ਸਿੱਖ-ਸੰਗਤਾਂ ਗਦ-ਗਦ ਹੋ ਉੱਠੀਆਂ। ਜਿਹੜੇ ਸੀਸ ਭੇਟਾ ਨਾ ਕਰ ਸਕੇ, ਉਨ੍ਹਾਂ ਨੂੰ ਹੈਰਾਨਗੀ ਵੀ ਹੋਈ ਅਤੇ ਪਛਤਾਵਾ ਵੀ। ਜਿਹੜੇ ਡਰ ਕੇ ਘਬਰਾ ਕੇ ਖਿਸਕ ਗਏ ਸਨ, ਉਹ ਵੀ ਦੀਵਾਨ ਵਿਚ ਪਰਤ ਆਏ।

ਗੁਰੂ ਸਾਹਿਬ ਨੇ ਸਰਬਲੋਹ ਦਾ ਬਾਟਾ (ਜਿਸ ਵਿਚ ਕਿਸੇ ਹੋਰ ਧਾਤ ਦਾ ਮਿਲਾਵਟ ਨਾ ਹੋਵੇ) ਮੰਗਵਾਇਆ, ਜਿਹੜਾ ਖਾਲਸਪਨ ਤੇ ਫ਼ੌਲਾਦੀ ਸ਼ਕਤੀ ਦਾ ਪ੍ਰਤੀਕ ਹੈ। ਸਵੱਛ ਜਲ, ਜਿਹੜਾ ਕਿ ਹਰ ਜੀਵ-ਜੰਤੂ ਦਾ ਜੀਵਨ-ਆਧਾਰ ਹੈ, ਮੰਗਵਾਇਆ। ਪਿਆਰ, ਮਿਠਾਸ ਤੇ ਨਿਮਰਤਾ ਦੇ ਪੁੰਜ ਮਾਤਾ ਸਾਹਿਬ ਕੌਰ ਨੇ ਤਿਆਰ ਹੋ ਰਹੇ ਅੰਮ੍ਰਿਤ ਵਿਚ ਪਤਾਸ਼ੇ ਲਿਆ ਕੇ ਪਾਏ ਜਿਹੜੇ ਕਿ ਸੰਸਾਰ ਦੀ ਉਚਤਮ ਮਿਠਾਸ ਦੇ ਪ੍ਰਤੀਕ ਹਨ। ਭਗਤੀ-ਭਾਵ ਨਾਲ ਗੜੁੰਦ ਅਤੇ ਇਕ ਅਕਾਲ ਪੁਰਖ ਨਾਲ ਜੋੜਨ ਵਾਲੇ "ਜਪੁ ਸਾਹਿਬ", ਭਗਤੀ ਤੇ ਸ਼ਕਤੀ ਦੇ ਸੁਮੇਲ ਅਤੇ ਬੀਰ ਰਸ ਦੇ ਪ੍ਰਤੀਕ "ਜਾਪੁ ਸਾਹਿਬ", ਵਹਿਮਾਂ-ਭਰਮਾਂ ਦੇ ਖੰਡਨ ਕਰਨ ਅਤੇ ਪ੍ਰੇਮ-ਰਸ ਦਾ ਸੰਚਾਰ ਕਰਨ ਵਾਲੇ "ਸੁਧਾ ਸਵੱਯੇ", ਨਿਮਰਤਾ ਸਹਿਤ ਅਕਾਲ ਪੁਰਖ ਅੱਗੇ ਰੱਖਿਆ ਕਰਨ ਦੀ ਜੋਦੜੀ ਕਰਨ ਲਈ "ਚੌਪਈ ਸਾਹਿਬ", ਅਕਾਲ ਪੁਰਖ ਦੀ ਕ੍ਰਿਪਾਲਤਾ ਸਦਕੇ ਪ੍ਰਾਪਤ ਹੋਏ ਵਜਦ ਦੀ ਸਹਿਜਮਈ ਤੇ ਅਨੰਦਮਈ ਬਾਣੀ 'ਅਨੰਦ ਸਾਹਿਬ' ਦੇ ਇਕ-ਮਨ, ਇਕ-ਚਿਤ ਪਾਠ ਨਾਲ ਗੁਰੂ ਸਾਹਿਬ ਨੇ ਅਜਿਹਾ ਅੰਮ੍ਰਿਤ ਤਿਆਰ ਕੀਤਾ ਕਿ ਪੀਣ ਵਾਲਿਆਂ ਦੀ ਕਾਇਆ ਹੀ ਪਲਟ ਕੇ ਰੱਖ ਦਿੱਤੀ। ਉਹ ਸਚਿਆਰ ਸੰਤ-ਸਿਪਾਹੀ ਬਣ ਗਏ ਅਤੇ ਅਕਾਲ ਪੁਰਖ ਦੇ ਕਾਇਦੇ-ਕਾਨੂੰਨ ਨੂੰ ਲਾਗੂ ਕਰਨ ਵਾਲੀ ਅਕਾਲ ਪੁਰਖ ਦੀ ਫੌਜ ਹੋ ਨਿਬੜੇ।

ਖਾਲਸੇ ਦੀ ਰਹਿਤ ਮਰਿਯਾਦਾ ਨਿਯਮ-ਬੱਧ ਕੀਤੀ ਗਈ। ਪੰਜ



ਕੱਕਾਰ-ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ ਸਰੀਰ ਦੇ ਲਾਜ਼ਮੀ ਅੰਗ ਬਣਾ ਦਿੱਤੇ ਗਏ। ਚਾਰ ਕੁਰਹਿਤਾਂ-ਸਰੀਰ ਦੇਕਿਸੇ ਵੀ ਹਿੱਸੇ ਤੋਂ ਕੇਸਾਂ ਦੀ ਬੇਅਦਬੀ ਕਰਨੀ, ਤੰਬਾਕੂ, ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਕਰਨੀ, ਕੁੱਠੇ ਮਾਸ ਦੀ ਵਰਤੋਂ ਕਰਨੀ ਅਤੇ ਪਰ-ਇਸਤਰੀ ਦੇ ਗਮਨ ਕਰਨ ਨੂੰ ਬੱਜਰ ਪਾਪ ਕਰਾਰ ਦੇ ਦਿੱਤਾ ਗਿਆ। ਹਰ ਸਿੱਖ ਮਰਦ ਦੇ ਨਾਂ ਨਾਲ 'ਸਿੰਘ' ਅਤੇ ਹਰ ਸਿੱਖ ਇਸਤਰੀ ਦੇ ਨਾਲ 'ਕੌਰ' ਪਦ ਜੋੜ ਕੇ ਸਭ ਨੂੰ ਸਾਂਝੀਵਾਲਤਾ ਦੀ ਲੜੀ ਵਿਚ ਪਰੋਇਆ ਗਿਆ ਅਤੇ ਇਸ ਤਰ੍ਹਾਂ ਖਾਲਸੇ ਨੂੰ ਸੰਸਾਰ ਦੀ ਨਿਵੇਕਲੀ ਕੌਮ ਬਣਾਇਆ ਗਿਆ। ਉਸ ਦਿਨ ਤੋਂ ਖਾਲਸਾ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਦਸਮੇਸ਼ ਪਿਤਾ ਨੇ ਖਾਲਸੇ ਨੂੰ ਸੰਤ-ਸਿਪਾਹੀ ਦੇ ਮਹਾਨ ਜੀਵਨ-ਸਿਧਾਂਤ ਦਾ ਅਨੁਸਾਰੀ ਬਣਾਇਆ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਆਦੇਸ਼ ਨਾਲ ਸਾਰੀ ਮਨੁੱਖਤਾ ਨੂੰ ਪਿਆਰਨਾ ਹੈ। ਜਿਥੇ ਆਪਣੀ ਆਜ਼ਾਦ ਹਸਤੀ ਕਾਇਮ ਰੱਖਣਾ ਖਾਲਸੇ ਦਾ ਵਿਧਾਨਕ ਤੇ ਧਾਰਮਿਕ ਫਰਜ਼ ਹੈ, ਉਥੇ ਕਮਜ਼ੋਰਾਂ ਤੇ ਨਿਆਸਰਿਆਂ ਦੇ ਹੱਕਾਂ ਦੀ ਰਾਖੀ ਕਰਨੀ ਵੀ ਖ਼ਾਲਸੇ ਦਾ ਧਰਮ ਹੈ। ਜਿਥੇ ਨਾ ਜਾਬਰ, ਲੋਟੂ ਤੇ ਧਾੜਵੀ ਜੰਮਣ ਅਤੇ ਨਾ ਹੀ ਉਥੇ ਜ਼ੁਲਮ ਤੇ ਲੁੱਟ-ਖਸੁੱਟ ਕੋਈ ਕਰ ਸਕੇ ਕਿਸੇ ਦੀ। ਜਿਥੇ ਸਭ ਸੁਤੰਤਰ ਹੋਣ ਅਤੇ ਕੋਈ ਪ੍ਰਾਧੀਨ ਨਾ ਹੋਵੇ। ਸੱਚ ਤੇ ਇਨਸਾਫ਼ ਦਾ ਰਾਜ ਹੋਵੇ। ਇਹ ਸੀ ਬਾਬੇ ਨਾਨਕ ਦਾ ਸੁਪਨਾ ਜਿਸ ਨੂੰ ਸਾਕਾਰ ਕਰਨ ਲਈ ਖਾਲਸੇ ਦੀ ਸਾਜਨਾ ਕੀਤੀ ਗਈ। ਇਹ ਗੁਰੂ ਨਾਨਕ ਸਾਹਿਬ ਦੇ ਅਦੁੱਤੀ ਸੰਕਲਪ ਦੀ ਸੰਪੂਰਨਤਾ ਸੀ। ਦਸਮੇਸ਼ ਪਿਤਾ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਪ੍ਰਦਾਨ ਕੀਤੀ। ਜਿਨ੍ਹਾਂ ਨੂੰ ਆਪ ਅੰਮ੍ਰਿਤ ਛਕਾਇਆ, ਉਨ੍ਹਾਂ ਤੋਂ ਹੀ ਆਪ ਅੰਮ੍ਰਿਤ ਦੀ ਜਾਚਨਾ ਕਰਕੇ ਅੰਮ੍ਰਿਤ ਛਕਿਆ। ਪੰਜ ਪਿਆਰਿਆਂ ਨੂੰ ਆਪਣਾ ਗੁਰੂ ਤੇ ਆਗੂ ਸਵੀਕਾਰਿਆ।

ਸੰਸਾਰ ਦੀ ਹਰ ਚੀਜ਼ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਬਿਨਾਂ ਮਿਹਨਤ ਦੇ ਨਹੀਂ। ਜਿੱਤ ਹਮੇਸ਼ਾ ਮੁੱਢ ਕਦੀਮ ਤੋਂ ਸੱਚ ਦੀ ਹੁੰਦੀ ਆਈ ਹੈ। ਜਿੱਤ ਹੁਣ ਵੀ ਸੱਚ ਦੀ ਵੀ ਹੋਣੀ ਹੈ। ਆਓ ਗੁਰੂ ਮਹਾਰਾਜ ਜੀ ਅੱਗੇ ਜੋਦੜੀ ਕਰੀਏ ਕਿ ਗੁਰੂ ਸਾਨੂੰ ਵੀ ਖ਼ਾਲਸੇ ਦੀ ਦਾਤ ਬਖ਼ਸ਼ੇ ਅਤੇ ਆਪਣੇ ਚਰਨਾਂ ਨਾਲ ਜੋੜੇ।

**ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਿਹ॥**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਮੁਰਾਲੇ ਡੇਰੇ ਦਾ ਤਿਆਗ

ਹਮੇਸ਼ਾ ਵਾਂਗ 13 ਭਾਦਰੋਂ, ਸੰਮਤ 2004 ਮੁਤਾਬਕ 29 ਅਗਸਤ, 1947 ਨੂੰ ਡੇਰੇ ਅਖੰਡ ਪਾਠ ਰੱਖਿਆ ਤੇ ਖਿਆਲ ਸੀ ਕਿ ਬਹੁਤਾ ਜੋੜ ਮੇਲਾ ਤਾਂ ਹੋਣਾ ਨਹੀਂ, ਭੋਗ ਪਾ ਕੇ ਥੋੜ੍ਹਾ ਬਹੁਤਾ ਲੰਗਰ ਕਰ ਲਵਾਂਗੇ। ਖਾਰੀਆਂ ਤਹਿਸੀਲ ਵਿਚ ਰਾਜਾ ਮੁਹੰਮਦ ਅਬਦੁੱਲਾ ਤਹਿਸੀਲਦਾਰ ਲੱਗੇ ਹੋਏ ਸਨ। ਚੰਗੇ ਖਿਆਲ ਦੇ ਸਨ ਤੇ ਹਰ ਇਕ ਤਰ੍ਹਾਂ ਦੀ ਖ਼ਬਰ ਮਹਾਂਪੁਰਖਾਂ ਨੂੰ ਦੇਂਦੇ ਰਹਿੰਦੇ ਸਨ। ਤਹਿਸੀਲਦਾਰ ਨੂੰ ਹਮਲਾ ਕਰਨ ਵਾਲੀ ਗੱਲ ਦਾ ਜਦੋਂ ਪਤਾ ਲੱਗਾ ਤਾਂ ਉਸ ਨੇ ਬਹੁਤ ਹੀ ਦੁਖ ਪ੍ਰਗਟ ਕੀਤਾ। 30 ਅਗਸਤ ਨੂੰ ਤਹਿਸੀਲਦਾਰ ਨੇ ਆ ਕੇ ਮਹਾਂਪੁਰਖਾਂ ਨੂੰ ਦੱਸਿਆ ਕਿ ਪਾਕਿਸਤਾਨ ਬਣ ਗਿਆ ਹੈ, ਤੁਸੀਂ ਹੁਣੇ ਹੀ ਲਾਲੇ ਮੂਸੇ ਕੈਂਪ ਵਿਚ ਚਲੇ ਚਲੋ। ਮੈਂ ਤੁਹਾਡਾ ਪ੍ਰਬੰਧ ਕਰ ਦਿੰਦਾ ਹਾਂ। ਤਹਿਸੀਲਦਾਰ ਸਾਹਿਬ ਨੇ ਜੀਪ ਆਦਿ ਦਾ ਪ੍ਰਬੰਧ ਕਰ ਦਿੱਤਾ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਆਪਣੀ ਕਾਰ ਲੈ ਲਈ। ਕੁਝ ਸਾਥੀਆਂ ਸਮੇਤ ਥੋੜ੍ਹਾ ਬਾਹਲਾ ਸਮਾਨ ਲੈ ਕੇ ਡੇਰੇ ਮੁਰਾਲੇ ਨੂੰ ਆਖ਼ਰੀ ਅਲਵਿਦਾ ਕਹਿ ਕੇ, ਅਰਦਾਸ ਕਰਕੇ ਲਾਲੇ ਮੂਸੇ ਕੈਂਪ ਵਿਚ ਚਲੇ ਆਏ। ਅਖੰਡ ਪਾਠ ਕਰਨ ਵਾਲੇ ਕੁੱਝ ਪਾਠੀ ਰਹਿ ਗਏ। ਉਹ 31 ਅਗਸਤ ਨੂੰ ਅਖੰਡ ਪਾਠ ਦਾ ਭੋਗ ਪਾ ਕੇ ਲਾਲੇ ਮੂਸੇ ਕੈਂਪ ਵਿਚ ਆਏ। ਆਪ ਜੀ ਨੂੰ ਕੈਂਪ ਵਿਚ ਪਹੁੰਚਾਉਣ ਦਾ ਸਾਰਾ ਪ੍ਰਬੰਧ ਰਾਜਾ ਮੁਹੰਮਦ ਅਬਦੁੱਲਾ ਤਹਿਸੀਲਦਾਰ ਨੇ ਆਪਣੀ ਨਿਗਰਾਨੀ ਵਿਚ ਕੀਤਾ।

ਲਾਲੇ ਮੂਸੇ ਕੈਂਪ ਵਿਚ ਬਹੁਤ ਸਾਰੇ ਲੋਕ ਆਲੇ-ਦੁਆਲੇ ਦੇ ਪਿੰਡਾਂ ਦੇ ਭੀ ਪੁੱਜ ਗਏ ਸਨ। ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਨੇ ਇਥੇ ਭੀ ਆਪਣਾ ਲੰਗਰ ਜਾਰੀ ਕਰ ਦਿੱਤਾ। ਸਭ ਉੱਜੜ ਕੇ ਆਏ ਲੋਕ ਲੰਗਰ ਇਥੋਂ ਹੀ ਛਕਦੇ ਸਨ। ਉਨ੍ਹਾਂ ਆਪਣੀ ਮੁਰਾਲੇ ਦੇ ਡੇਰੇ ਦੀ ਲੰਗਰ ਦੀ ਰਿਵਾਇਤ ਇਥੇ ਭੀ ਉਸੇ ਤਰ੍ਹਾਂ ਸ਼ੁਰੂ ਕਰ ਦਿੱਤੀ।

ਮੁਰਾਲੇ ਡੇਰੇ ਦਾ ਉਹ ਸ਼ਾਹੀ ਠਾਠ-ਬਾਠ, ਰਾਤ ਦਿਨ ਗੁਰਬਾਣੀ ਦੀ ਕਥਾ ਕੀਰਤਨ, ਮਹਾਂਪੁਰਖਾਂ ਦੇ ਬੜੇ-ਬੜੇ ਸਮਾਗਮ, ਉਹ ਸੋਹਣਾ ਹਰਿਮੰਦਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ, ਸ਼ਾਹੀ ਕੋਠੀ, ਬਾਗ ਬਗੀਚੇ, ਲੱਖਾਂ ਰੁਪਏ ਦੇ ਸਮਾਨ ਨਾਲ ਕਈ ਕਮਰੇ ਭਰੇ ਹੋਏ, ਜੋ ਦੁਆਲੇ ਦੇ ਪਿੰਡਾਂ ਦੇ ਲੋਕਾਂ ਨੇ ਸੁਰੱਖਿਅਤ ਥਾਂ ਸਮਝ ਕੇ ਇਥੇ ਰੱਖੇ ਹੋਏ ਸਨ। ਖੰਡ, ਚਾਵਲ ਤੇ ਕਣਕ ਦੀਆਂ ਭਰੀਆਂ ਬੋਰੀਆਂ, ਲੰਗਰ ਦਾ ਭਾਰੀ ਸਮਾਨ, ਪੰਦਰਾਂ-ਪੰਦਰਾਂ ਕਿਲੋ ਦੁੱਧ ਵਾਲੀਆਂ ਗਊਆਂ ਤੇ ਮੱਝਾਂ ਆਦਿ ਸਭ ਕੁੱਝ ਇਕ ਛਿਣ ਵਿਚ ਤਿਆਗ ਕੇ ਲਾਲੇ ਮੂਸੇ ਦੇ ਕੈਂਪ ਵਿਚ ਮੁਸਾਫ਼ਰਾਂ ਵਾਂਗ ਆ ਕੇ ਬੈਠ ਗਏ। ਭਾਵੇਂ ਆਪ ਹੋਰ ਸਭ ਸਮਾਨ ਛੱਡ ਆਏ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ, ਚਾਂਦੀ ਦੇ ਪਾਵਿਆਂ ਵਾਲੇ ਮੰਜੀ ਸਾਹਿਬ, ਸੋਨੇ ਦਾ ਚੌਰ, ਵਧੀਆ ਰੁਮਾਲੇ ਅਤੇ ਚਾਂਦਨੀ, ਛੱਬਾ ਆਦਿ ਸਮਾਨ ਲੈ ਆਏ। ਦੂਜਾ, ਲੋਕਾਂ ਦੀਆਂ ਅਮਾਨਤਾਂ ਸੋਨੇ ਦੇ ਜੇਵਰ ਆਦਿ ਲੈ ਆਏ। ਕੁੱਝ ਦਿਨ ਲਾਲੇ ਮੂਸੇ ਕੈਂਪ ਵਿਚ ਰਹੇ।

## ਲਾਲੇ ਮੂਸੇ ਕੈਂਪ ਤੋਂ ਅੰਮ੍ਰਿਤਸਰ ਪੁੱਜਣਾ

ਸੰਤ ਬਾਬਾ ਪ੍ਰੇਮ ਸਿੰਘ ਜੀ ਆਪਣੇ ਸਾਥੀਆਂ ਸਮੇਤ ਤਕਰੀਬਨ ਇਕ ਹਫ਼ਤਾ ਕੈਂਪ ਵਿਚ ਰਹੇ। ਇਥੇ ਲੰਗਰ ਦਾ ਚੰਗੀ ਤਰ੍ਹਾਂ ਪ੍ਰਬੰਧ ਕਰ ਦਿੱਤਾ। ਜ਼ਿਲ੍ਹਾ ਸ਼ੇਖੂਪੁਰੇ ਦੀ ਤਹਿਸੀਲ ਸ਼ਾਹਦਰਾ ਦੇ ਪਿੰਡ ਅੱਯਾ ਬੋਹੜ ਵਾਲਾ ਦੇ ਸ. ਇੰਦਰ ਸਿੰਘ ਜੀ ਸਫ਼ੈਦ-ਪੋਸ਼ ਜੋ ਮਹਾਂਪੁਰਖਾਂ ਦੇ ਬੜੇ ਸ਼ਰਧਾਲੂ ਸਨ ਅਤੇ ਇਨ੍ਹਾਂ ਦੀ ਹੀ ਬੇਨਤੀ ਪ੍ਰਵਾਨ ਕਰਕੇ ਬਾਵਕਵਾਲ ਹਾਈ ਸਕੂਲ ਖੋਹਲਿਆ ਸੀ, ਉਨ੍ਹਾਂ ਦੇ ਹੋਣਹਾਰ ਸਪੁੱਤਰ ਕਪਤਾਨ ਸੂਰਤ ਸਿੰਘ ਜੀ ਨੂੰ ਅਕਾਲ ਪੁਰਖ ਵੱਲੋਂ ਕੁਦਰਤੀ ਇਹ ਸੋਝੀ ਹੋਈ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਕੈਂਪ ਵਿਚ ਹਨ, ਇਸ ਲਈ ਉਨ੍ਹਾਂ ਨੂੰ ਉਥੋਂ ਕੱਢ ਕੇ ਇਧਰ ਲੈ ਆਂਦਾ ਜਾਵੇ। ਉਹ ਆਪਣੀ ਸਰਕਾਰੀ ਗੱਡੀ ਲੈ ਕੇ 5 ਸਤੰਬਰ ਨੂੰ ਲਾਲੇ ਮੂਸੇ ਕੈਂਪ ਪੁੱਜੇ। ਆਪ ਜੀ ਨੇ ਮਹਾਂਪੁਰਖਾਂ ਨੂੰ ਨਮਸਕਾਰ ਕੀਤੀ ਤੇ ਕਿਹਾ ਕਿ ਮਹਾਰਾਜ ਮੈਂ ਆਪ ਜੀ ਨੂੰ ਲੈਣ ਲਈ ਆਇਆ ਹਾਂ। ਆਪ ਜੀ ਆਪਣਾ ਸਮਾਨ ਗੱਡੀ ਵਿਚ ਰਖਵਾ ਦਿਓ ਅਤੇ ਜਿੰਨੇ ਕੁ ਸਿੰਘ ਆਪ ਜੀ ਦੇ ਨਾਲ ਹਨ, ਉਨ੍ਹਾਂ ਨੂੰ ਭੀ ਗੱਡੀ ਵਿਚ ਬਿਠਾ ਦਿਓ। ਜਿਹੜੇ ਰਹਿ ਜਾਣਗੇ, ਉਨ੍ਹਾਂ ਲਈ ਟਰੱਕ ਭੇਜਾਂਗੇ।

ਲੋਕਾਂ ਵਿਚ ਬੜੀ ਘਬਰਾਹਟ ਸੀ। ਸਭ ਕਹਿੰਦੇ ਸਨ ਕਿ ਸਾਨੂੰ ਲੈ ਚਲੋ ਸਾਨੂੰ ਲੈ ਚਲੋ। ਸੰਤ ਬਾਬਾ ਜੀ ਦੇ ਚਲੇ ਜਾਣ ਨਾਲ ਸਭ ਹੋਰ ਬਹੁਤ ਘਬਰਾਏ ਕਿ ਪਤਾ ਨਹੀਂ ਹੁਣ ਸਾਡਾ ਕੀ ਹਾਲ ਹੋਵੇਗਾ। ਆਪ ਜੀ ਦੇ ਨਾਲ ਭਗਤ ਸਰਦਾਰ ਸਿੰਘ ਜੀ, ਸੰਤ ਪ੍ਰਾਹੁਣਾ ਸਿੰਘ ਜੀ, ਸ. ਬੂੜ ਸਿੰਘ ਜੀ ਸੈਹਣੇ ਵਾਲੇ, ਗਿਆਨੀ ਹਰਚਰਨ ਸਿੰਘ ਜੀ, ਸੰਤ ਪਾਲਾ ਸਿੰਘ ਜੀ ਆਦਿਕ ਜਿਤਨੇ ਕੁ ਟਰੱਕ ਵਿਚ ਬੈਠ ਸਕਦੇ ਸਨ, ਉਤਨੇ ਕੁ ਸਿੰਘ ਬਿਠਾ ਲਏ ਅਤੇ ਪਹਿਰੇ ਲਈ ਕੁੱਝ ਫੌਜੀ ਪਿੱਛੇ ਖੜ੍ਹੇ ਕਰ ਦਿੱਤੇ। ਆਪ ਜੀ ਲਾਹੌਰ ਸ. ਸੂਰਤ ਸਿੰਘ ਦੇ ਬੰਗਲੇ ਪੁੱਜ ਗਏ। ਸ. ਸੂਰਤ ਸਿੰਘ ਨੇ ਯਥਾ ਸ਼ਕਤ ਮਹਾਂਪੁਰਖਾਂ ਦੀ ਸੇਵਾ ਕੀਤੀ ਜਦੋਂ ਕਿ ਇਹ ਸਮਾਂ ਬੜਾ ਭਿਆਨਕ ਸੀ। ਰਾਤ ਆਪ ਇਥੇ ਰਹੇ, ਸਵੇਰੇ ਇਸ਼ਨਾਨ ਆਦਿ ਕਿਰਿਆ ਸਾਧੀ ਤੇ ਸਤਿਗੁਰਾਂ ਦਾ ਧਿਆਨ ਕੀਤਾ। ਅਰਦਾਸ ਕੀਤੀ। ਸ. ਸੂਰਤ ਸਿੰਘ ਨੇ ਸਾਰਿਆਂ ਨੂੰ ਟਰੱਕ ਤੇ ਬਿਠਾਇਆ, ਸੰਤ ਮਹਾਰਾਜ ਆਪਣੀ ਕਾਰ ਲੈ ਆਏ ਸਨ। ਆਪ ਜੀ ਕਾਰ ਤੇ ਫੌਜੀਆਂ ਦੇ ਪਹਿਰੇ ਹੇਠ ਸ੍ਰੀ ਅੰਮ੍ਰਿਤਸਰ, ਦਾਸ ਗਿਆਨੀ ਚੇਤ ਸਿੰਘ ਦੇ ਘਰ ਪੁੱਜ ਗਏ। ਸਾਰੇ ਪਰਿਵਾਰ ਵਾਲੇ ਦਰਸ਼ਨ ਕਰਕੇ ਬੜੇ ਖ਼ੁਸ਼ ਹੋਏ। ਕੁਝ ਵੈਰਾਗ ਦੇ ਹੰਝੂ ਸਭਨਾਂ ਦੀਆਂ ਅੱਖਾਂ ਵਿਚ ਵਗ ਤੁਰੇ। ਦਾਸ ਗੁਰਦਾਸਪੁਰ ਗਿਆ ਹੋਇਆ ਸੀ, ਗਹੋਤ ਪਿੰਡ ਵਿਚ ਸੂਬੇਦਾਰ ਮੇਜਰ ਫਤਹਿ ਸਿੰਘ ਕਿਲ੍ਹਾ ਸੂਰਾ ਸਿੰਘ ਵਾਲੇ ਮੈਨੂੰ ਮਿਲੇ। ਕਹਿਣ ਲੱਗੇ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਕੱਲ੍ਹ ਅੰਮ੍ਰਿਤਸਰ ਆ ਗਏ ਹਨ ਤੇ ਤੁਹਾਡੇ ਘਰ ਠਹਿਰੇ ਹਨ। ਦਾਸ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਬੜੀ ਖ਼ੁਸ਼ੀ ਹੋਈ।

(ਚਲਦਾ)

# ਸੰਨ 1947 ਦੀ ਅਭੁੱਲ ਯਾਦ

ਮੇਰਾ ਨਾਮ ਸੰਗਤ ਸਿੰਘ ਹੈ ਅਤੇ ਮੇਰਾ ਜਨਮ 1924 ਵਿੱਚ ਪਿੰਡ ਭੱਖੜੇਵਾਲੀ, ਤਹਿਸੀਲ ਅਤੇ ਜ਼ਿਲ੍ਹਾ ਗੁਜਰਾਤ, ਪਾਕਿਸਤਾਨ ਵਿੱਚ ਹੋਇਆ ਸੀ। ਭੱਖੜੇਵਾਲੀ ਤੋਂ ਕੋਈ 2 ਕੁ ਮੀਲ ਦੀ ਦੂਰੀ ਤੇ ਪਿੰਡ ਖੋੜੀ ਦੂਨਾਂ ਸਿੰਘ ਹੈ। ਇਸ ਪਿੰਡ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਮਸ਼ਹੂਰ ਜਰਨੈਲ, ਜਿਸ ਦਾ ਨਾਮ ਦੂਨਾਂ ਸਿੰਘ ਸੀ, ਨੇ ਆਬਾਦ ਕਰਵਾਇਆ ਸੀ। ਪਿੰਡ ਖੋੜੀ ਦੂਨਾਂ ਸਿੰਘ ਕਾਫੀ ਵੱਡਾ ਪਿੰਡ ਹੈ ਅਤੇ ਇਸ ਪਿੰਡ ਵਿੱਚ ਲੱਗਭੱਗ ਇਕ ਤਿਹਾਈ ਆਬਾਦੀ ਮੁਸਲਮਾਨ ਲੋਕਾਂ ਦੀ ਸੀ। ਪਿੰਡ ਖੋੜੀ ਦੂਨਾਂ ਸਿੰਘ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆ ਦਾ ਜਨਮ ਅਸਥਾਨ ਵੀ ਸੀ ਅਤੇ ਸੰਤਾਂ ਨੇ ਸੰਨ 1944 ਵਿੱਚ ਇਸ ਪਿੰਡ ਵਿੱਚ ਖਾਲਸਾ ਹਾਈ ਸਕੂਲ ਖੋਲ੍ਹਿਆ ਸੀ। ਇਸ ਤੋਂ ਪਹਿਲਾਂ ਸੰਤਾਂ ਨੇ ਸੰਨ 1921 ਵਿੱਚ ਟਾਂਡਾ, ਤਹਿਸੀਲ ਅਤੇ ਜ਼ਿਲ੍ਹਾ ਗੁਜਰਾਤ, ਪਾਕਿਸਤਾਨ, ਵਿੱਚ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਖੋਲ੍ਹਿਆ ਸੀ। ਪਿੰਡ ਖੋੜੀ ਦੂਨਾਂ ਸਿੰਘ ਤੋ ਕੋਈ ਡੇਢ ਕੁ ਮੀਲ ਦੀ ਦੂਰੀ ਤੇ ਪਿੰਡ ਅਜਨਾਲਾ ਹੈ ਜੋ ਕਿ ਮੁਸਲਮਾਨਾਂ ਦੀ ਸੰਘਣੀ ਆਬਾਦੀ ਵਾਲਾ ਪਿੰਡ ਸੀ।

ਇਸ ਪਿੰਡ ਵਿੱਚ ਇੱਕ ਬਹੁਤ ਹੀ ਸਿਆਣਾ, ਸਮਝਦਾਰ ਅਤੇ ਰਹਿਮਦਿਲ ਮੁਸਲਮਾਨ ਰਹਿੰਦਾ ਸੀ ਜਿਸ ਦਾ ਨਾਮ ਚੌਧਰੀ ਖਾਨ ਮੁਲਕ ਸੀ। ਚੌਧਰੀ ਖਾਨ ਮੁਲਕ ਬਹੁਤ ਸਾਲ ਤੱਕ ਡਿਸਟ੍ਰਿਕਟ ਬੋਰਡ ਗੁਜਰਾਤ, ਪਾਕਿਸਤਾਨ ਦੇ ਚੇਅਰਮੈਨ ਵੀ ਰਹੇ ਸਨ। ਪਿੰਡ ਮਹਿਸਮ ਦੇ ਕੈਪਟਨ ਜਵਾਲਾ ਸਿੰਘ ਨੇ ਵੀ ਕਾਫੀ ਸਮਾਂ ਚੌਧਰੀ ਖਾਨ ਮੁਲਕ ਦੇ ਨਾਲ ਇਕੱਠਿਆਂ ਕੰਮ ਕੀਤਾ ਸੀ। ਚੌਧਰੀ ਖਾਨ ਮੁਲਕ ਦੇ ਤਹਿਸੀਲ ਫਾਲੀਆ ਜ਼ਿਲ੍ਹਾ ਗੁਜਰਾਤ ਵਿੱਚ ਜ਼ਮੀਨ ਦੇ ਕੁਝ ਮੁਰੱਬੇ ਸੰਨ ਜੋ ਕਿ ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆ ਦੇ ਡੇਰੇ ਤੋਂ ਕੁਝ ਹੀ ਦੂਰੀ ਤੇ ਸਨ। ਚੌਧਰੀ ਖਾਨ ਮੁਲਕ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆ ਦੀ ਬਹੁਤ ਹੀ ਇੱਜ਼ਤ ਅਤੇ ਸਨਮਾਨ ਕਰਦੇ ਸਨ ਅਤੇ ਸੰਤਾਂ ਨੂੰ ਆਪਣਾ ਪੀਰ ਹੀ ਸਮਝਦੇ ਸਨ। ਚੌਧਰੀ ਖਾਨ ਮੁਲਕ ਹਰ ਸਾਲ ਸੰਤਾਂ ਦੇ ਡੇਰੇ ਤੇ ਹੋਣ ਵਾਲੇ ਜੋੜ ਮੇਲੇ ਤੇ ਆਟੇ ਦੀਆਂ ਬੋਰੀਆਂ, ਦਾਲਾਂ, ਖੰਡ, ਘਿਉ ਆਦਿ ਵਸਤਾਂ ਕਰਦੇ ਸਨ।

ਸੰਨ 1947 ਵਿੱਚ ਮੁਲਕ ਦੀ ਵੰਡ ਹੋਈ ਤਾਂ ਉਸ ਵੇਲੇ ਦੋਹਾਂ ਹੀ ਪਾਸਿਆਂ ਦੇ ਲੋਕਾਂ ਦੀ ਬਹੁਤ ਹੀ ਵੱਡੀ ਗਿਣਤੀ ਵਿੱਚ ਹਿਜਰਤ ਹੋਈ। ਹਿੰਦੂ ਅਤੇ ਸਿੱਖ ਭਾਈਚਾਰੇ ਦੇ ਲੋਕ ਆਪਣਾ ਸਭ ਕੁੱਝ ਛੱਡ ਕੇ ਆਪਣੀਆਂ ਜਾਨਾਂ ਬਚਾ ਕੇ ਭਾਰਤ ਚਲੇ ਗਏ ਅਤੇ ਉਸੇ ਹੀ ਤਰ੍ਹਾਂ ਮੁਸਲਮਾਨ ਆਪਣਾ ਸਭ ਕੁੱਝ ਛੱਡ ਕੇ ਆਪਣੀਆਂ ਜਾਨਾਂ ਬਚਾ ਕੇ ਕਾਫਲਿਆਂ ਵਿੱਚ ਪਾਕਿਸਤਾਨ ਚਲੇ ਗਏ। ਦੋਹਾਂ ਪਾਸਿਆਂ ਵੱਲ ਮਹੌਲ ਬਹੁਤ ਹੀ ਫਿਰਕਾਪ੍ਰਸਤੀ ਵਾਲਾ ਬਣਿਆ ਹੋਇਆ ਸੀ। ਦੋਹਾਂ ਫਿਰਕਿਆਂ ਦੇ ਲੋਕ ਜੋ ਕਿਤਨੇ ਹੀ ਸਮੇਂ ਤੋਂ ਬਹੁਤ ਹੀ ਪਿਆਰ ਮੁਹੱਬਤ ਨਾਲ ਭਰਾਵਾਂ ਦੀ ਤਰਾਂ ਇੱਕ ਦੂਜੇ ਨਾਲ ਰਹਿ ਰਹੇ ਸਨ ਉਹ ਵੀ ਦੇਸ਼ ਦੇ ਬਟਵਾਰੇ ਨਾਲ ਇੱਕ ਦੂਜੇ ਦੀ ਜਾਨ ਦੇ ਦੁਸ਼ਮਣ ਬਣ ਗਏ ਸਨ। ਹਰ



**Late Ch Khan Mulk of Ajnala District Gujrat, a marvellous character. He was named "King Of Gujrat".**

ਪਾਸੇ ਫਿਰਕਾਪ੍ਰਸਤੀ ਦੀ ਅੱਗ ਫੈਲੀ ਹੋਈ ਸੀ। ਗੁਆਂਢੀ ਹੀ ਗੁਆਂਢੀ ਦੀ ਜਾਨ ਦੇ ਦੁਸ਼ਮਣ ਬਣ ਗਏ ਸਨ। ਉਸ ਸਮੇਂ ਦੇ ਸਿਆਸਤਦਾਨਾਂ ਅਤੇ ਲੀਡਰਾਂ ਨੇ ਵੀ ਇਸ ਫਿਰਕਾਪ੍ਰਸਤੀ ਦੇ ਮਹੌਲ ਵਿੱਚ ਬਲਦੀ ਅੱਗ ਤੇ ਤੇਲ ਪਾਉਣ ਵਾਲੀ ਭੂਮਿਕਾ ਹੀ ਨਿਭਾਈ। ਦੋਹਾਂ ਫਿਰਕਿਆਂ ਵਿੱਚ ਬਹੁਤ ਹੀ ਵੱਡੀਆਂ ਵੱਢ ਟੁੱਕ ਅਤੇ ਕਤਲੋਗਾਰਤ ਦੀਆਂ ਵਾਰਦਾਤਾਂ ਹੋਈਆਂ ਜਿਸ ਵਿੱਚ ਸੈਂਕੜੇ ਹਜ਼ਾਰਾਂ ਹੀ ਨਿਰਦੋਸ਼ ਅਤੇ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ ਸਨ। ਦੋਹੀਂ ਪਾਸੇ ਮੁਸਾਫਰ ਗੱਡੀਆਂ ਨੂੰ ਲੁਟੇਰਿਆਂ ਵਲੋਂ ਲੁੱਟਿਆ ਗਿਆ ਅਤੇ ਸਵਾਰੀਆਂ ਤੋਂ ਲੁੱਟ ਖੋਹ ਤੋਂ ਬਾਦ ਉਨ੍ਹਾਂ ਨੂੰ ਕਤਲ ਕੀਤਾ ਗਿਆ ਸੀ।

ਐਨੀਂ ਫਿਰਕਾਪ੍ਰਸਤੀ, ਲੁੱਟਾਂ ਖੋਹਾਂ ਅਤੇ ਕਤਲੋਗਾਰਤ ਦੇ ਮਹੌਲ ਵਿੱਚ ਵੀ ਦੋਹਾਂ ਪਾਸਿਆਂ ਦੇ ਕਈ ਰਹਿਮ ਦਿਲ ਅਤੇ ਨੇਕ ਇਨਸਾਨਾਂ ਨੇ ਕਈ ਬੇਕਸੂਰ ਲੋਕਾਂ ਦੀ ਬਿਨ੍ਹਾਂ ਕਿਸੇ ਭੇਦ ਭਾਵ ਬਹੁਤ ਮਦਦ ਕੀਤੀ ਅਤੇ ਕਈ ਲੋਕਾਂ ਦੀਆਂ ਜਾਨਾਂ ਬਚਾ ਕੇ ਉਨ੍ਹਾਂ ਨੂੰ ਉਹਨਾਂ ਦੇ ਦੇਸ਼ ਪਹੁੰਚਾਉਣ ਵਿੱਚ ਬਹੁਤ ਮਦਦ ਕੀਤੀ। ਉਹਨਾਂ ਹੀ ਨੇਕ ਅਤੇ ਰਹਿਮ ਦਿੱਲ ਇਨਸਾਨਾਂ ਵਿਚੋ ਇੱਕ ਸਨ ਚੌਧਰੀ ਖਾਨ ਮੁਲਕ, ਜਿਨ੍ਹਾਂ ਨੇ ਮੁਸਲਮਾਨ ਹੁੰਦਿਆਂ ਵੀ ਬਹੁਤ ਸਾਰੇ ਹਿੰਦੂ ਅਤੇ ਸਿੱਖ ਪਰਿਵਾਰਾਂ ਦੀ ਜਾਨ ਬਚਾ ਕੇ ਉਨ੍ਹਾਂ ਨੂੰ ਭਾਰਤ ਦੀ ਸਰਹੱਦ ਤੇ ਪਹੁੰਚਾਣ ਵਿੱਚ ਬਹੁਤ ਹੀ

ਮਦਦ ਕੀਤੀ।

ਚੌਧਰੀ ਖਾਨ ਮੁਲਕ ਸਾਡੇ ਪਿੰਡ ਭੱਖੜੇਵਾਲੀ ਅਤੇ ਆਲੇ ਦੁਆਲੇ ਦੇ ਬਹੁਤ ਸਾਰੇ ਪਿੰਡਾਂ ਦੇ ਸਿੱਖਾਂ ਅਤੇ ਹਿੰਦੂ ਪਰੀਵਾਰਾਂ ਲਈ ਇੱਕ ਫਰਿਸ਼ਤਾ ਬਣ ਕੇ ਪਹੁੰਚੇ ਅਤੇ ਇਨ੍ਹਾਂ ਨੇ ਕਈ ਪਿੰਡਾਂ ਵਿੱਚੋ ਸਿੱਖ ਅਤੇ ਹਿੰਦੂ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ਤੇ ਪਹੁੰਚਾਇਆ। ਚੌਧਰੀ ਖਾਨ ਮੁਲਕ ਨੇ ਆਪਣੇ ਇਲਾਕੇ ਵਿੱਚ ਇਹ ਆਦੇਸ਼ ਦਿੱਤੇ ਸਨ ਕਿ ਕੋਈ ਵੀ ਮੁਸਲਮਾਨ ਕਿਸੇ ਵੀ ਸਿੱਖ ਅਤੇ ਹਿੰਦੂ ਨੂੰ ਨਹੀ ਮਾਰੇਗਾ ਅਤੇ ਕਿਸੇ ਵੀ ਤਰ੍ਹਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਕਰੇਗਾ। ਪਰ ਇਨ੍ਹਾਂ ਆਦੇਸ਼ਾਂ ਦੇ ਬਾਵਜੂਦ ਵੀ ਕੁੱਝ ਸ਼ਰਾਰਤੀ ਅਤੇ ਲਾਲਚੀ ਮੁਸਲਮਾਨਾਂ ਨੇ ਕਈ ਵਾਰ ਹਮਲੇ ਕਰਨ ਦੀ ਕੋਸ਼ਿਸ਼ ਕੀਤੀ।

5 ਸਤੰਬਰ 1947 ਨੂੰ ਸਵੇਰੇ ਪਿੰਡ ਭੱਖੜੇਵਾਲੀ ਤੋ ਹਿੰਦੂ ਅਤੇ ਸਿੱਖ ਪਰਿਵਾਰਾਂ ਦਾ ਇੱਕ ਕਾਫਲਾ ਸ਼ੰਭ ਜੌੜੀਆਂ ਵਾਸਤੇ ਰਵਾਨਾ ਹੋਇਆ। ਸ਼ੰਭ ਜੌੜੀਆਂ ਅਤੇ ਭੱਖੜੇਵਾਲੀ ਵਿਚਕਾਰ ਕੋਈ 20 ਕੁ ਮੀਲ ਦਾ ਪੈਂਡਾ ਸੀ। ਜੱਦ ਇਹ ਕਾਫਲਾ ਅਜਨਾਲੇ ਤੋ ਅਜੇ ਕੁੱਝ ਮੀਲ ਦੀ ਦੂਰੀ ਤੇ ਹੀ ਸੀ ਤਾਂ ਇਸ ਕਾਫਲੇ ਨਾਲ ਚੱਲਣ ਵਾਲੇ ਮੁਸਲਮਾਨ ਥਾਣੇਦਾਰ ਨੇ ਆਲੇ ਦੁਆਲੇ ਦੇ ਪਿੰਡਾਂ ਦੇ ਮੁਸਲਮਾਨਾਂ ਨੂੰ ਕਾਫਲੇ ਤੇ ਹਮਲਾ ਕਰਨ ਵਾਸਤੇ ਉਕਸਾਇਆ। ਇਸ ਉਪਰੰਤ ਕੁਝ ਮੁਸਲਮਾਨ ਹਥਿਆਰਾਂ ਨਾਲ ਲੈਸ ਹੋ ਕੇ ਹਮਲਾਵਰ ਬਣ ਕੇ ਕਾਫਲੇ ਤੇ ਹਮਲਾ ਕਰਨ ਵਾਸਤੇ ਇਕੱਠੇ ਹੋ ਗਏ। ਫਿਰ ਇਨ੍ਹਾਂ ਹਮਲਾਵਰਾਂ ਨੇ ਹਮਲਾ ਕਰਕੇ ਕੋਈ 40-50 ਲੋਕਾਂ ਨੂੰ ਕਤਲ ਕਰ ਦਿੱਤਾ। ਜਦ ਕਾਫਲੇ ਵਿੱਚੋਂ ਮਰਦਾਂ ਨੇ ਹਥਿਆਰਾਂ ਨਾਲ ਇਨਾਂ ਹਮਲਾਵਰਾਂ ਦਾ ਡੱਟ ਕੇ ਮੁਕਾਬਲਾ ਕੀਤਾ ਤਾਂ ਇਹ ਕਾਤਲ ਅਤੇ ਲੁਟੇਰੇ ਉਥੋਂ ਭੱਜ ਗਏ। ਦੂਜੇ ਪਾਸੇ ਇਹ ਲਾਲਚੀ ਥਾਣੇਦਾਰ ਕਾਫਲੇ ਦੇ ਲੋਕਾਂ ਨੂੰ ਇਹ ਕਹਿ ਰਿਹਾ ਸੀ ਕੇ ਤੁਸੀਂ ਆਪਣਾ ਸਮਾਨ ਸੁੱਟ ਕੇ ਦੌੜ ਜਾਉ ਅਤੇ ਲੁਕ ਛਿੱਪ ਕੇ ਆਪਣੀਆਂ ਜਾਨਾਂ ਬਚਾ ਲਵੋ। ਅਸਲ ਵਿੱਚ ਇਸ ਥਾਣੇਦਾਰ ਦੀ ਕਾਫਲੇ ਦੇ ਲੋਕਾਂ ਦੇ ਸਮਾਨ ਤੇ ਅੱਖ ਸੀ ਤੇ ਮਨ ਹੀ ਮਨ ਵਿੱਚ ਉਹ ਕਾਫਲੇ ਦੇ ਲੋਕਾਂ ਦਾ ਸਾਰਾ ਸਮਾਨ ਆਪ ਲੁੱਟਣਾ ਚਾਹੁੰਦਾ ਸੀ। ਜਦੋਂ ਇਸ ਵਾਰਦਾਤ ਦਾ ਪਤਾ ਚੌਧਰੀ ਖਾਨ ਮੁਲਕ ਨੂੰ ਲੱਗਾ ਤਾਂ ਖਾਨ ਸਾਹਿਬ ਨੇ ਇਸ ਥਾਣੇਦਾਰ ਨੂੰ ਆਪਣੇ ਕੋਲ ਬੁਲਾ ਕੇ ਉਸਨੂੰ ਬਹੁਤ ਬੁਰਾ ਭਲਾ ਕਿਹਾ। ਖਾਨ ਸਾਹਿਬ ਨੇ ਇਸ ਘਟਨਾ ਦੀ ਬਹੁਤ ਨਿੰਦਾ ਕੀਤੀ ਅਤੇ ਕਾਫਲੇ ਦੇ ਲੋਕਾਂ ਨੂੰ ਕਿਹਾ ਕਿ ਜੋ ਕੁਝ ਵੀ ਹਿੰਦੂ ਅਤੇ ਸਿੱਖਾਂ ਦੇ ਪਰਿਵਾਰਾਂ ਨਾਲ ਹੋਇਆ ਹੈ ਉਹ ਬਹੁਤ ਹੀ ਮੰਦਭਾਗਾ ਸੀ ਅਤੇ ਕਾਫਲੇ ਦੇ ਲੋਕਾਂ ਨੂੰ ਕਿਹਾ ਕਿ ਤੁਸੀਂ ਜੋ ਕੁਝ ਖਾਣਾ ਹੈ ਉਹ ਖਾ ਲਵੋ ਅਤੇ ਉਸ ਤੋਂ ਬਾਦ ਮੈਂ ਖੁਦ ਕਾਫਲੇ ਦੇ ਸਾਰੇ ਲੋਕਾਂ ਨੂੰ ਆਪਣੀ ਸੁਰੱਖਿਆ ਹੇਠ ਸ਼ੰਭ ਜੌੜੀਆਂ ਛੱਡ ਕੇ ਆਵਾਂਗਾ। ਖਾਨ ਸਾਹਿਬ ਆਪਣੇ ਨਾਲ 5-7 ਹਥਿਆਰਬੰਦ ਘੋੜਸਵਾਰਾਂ ਨੂੰ ਲੈ ਕੇ ਕਾਫਲੇ ਦੇ ਨਾਲ ਸ਼ੰਭ ਜੌੜੀਆਂ ਨੂੰ ਚੱਲ ਪਏ ਅਤੇ ਚੱਲਣ ਤੋ ਪਹਿਲਾਂ ਆਪਣੇ ਹਥਿਆਰਬੰਦ ਘੋੜਸਵਾਰਾਂ ਨੂੰ ਆਦੇਸ਼ ਦਿੱਤਾ ਕਿ ਰਸਤੇ ਵਿੱਚ ਲੁਟੇਰੇ ਅਗਰ ਕਾਫਲੇ ਤੇ ਹਮਲਾ ਕਰਦੇ ਹਨ ਤਾਂ ਤੁਸੀਂ ਆਪਣੇ ਹਥਿਆਰਾਂ ਨਾਲ ਕਾਫਲੇ ਦੇ ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਕਰਨੀ ਹੈ। ਹੋਇਆ ਵੀ ਕੁੱਝ ਇਸ ਤਰ੍ਹਾਂ ਹੀ। ਮੁਸਲਮਾਨਾਂ ਨੇ ਰਸਤੇ ਵਿੱਚ ਕਾਫਲੇ ਉੱਪਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਖਾਨ ਸਾਹਿਬ ਅਤੇ ਉਨ੍ਹਾਂ ਦੇ ਹਥਿਆਰਬੰਦ ਘੋੜਸਵਾਰਾਂ ਨੇ ਆਪਣੇ ਹਥਿਆਰਾਂ ਦੀ ਵਰਤੋਂ ਕਰਦੇ ਹੋਏ ਉਨ੍ਹਾਂ ਲੁਟੇਰਿਆਂ ਨੂੰ ਉਥੋਂ ਭਜਾ ਦਿੱਤਾ ਅਤੇ ਕਾਫਲੇ ਦੇ ਲੋਕਾਂ ਨੂੰ ਬਿਨ੍ਹਾਂ ਕਿਸੇ ਮਾਲੀ ਅਤੇ ਜਾਨੀ ਨੂੰ ਸਹੀ ਸਲਾਮਤ ਸ਼ੰਭ ਜੌੜੀਆਂ ਪਹੁੰਚਾ ਦਿੱਤਾ। ਸ਼ੰਭ ਜੌੜੀਆਂ ਜੰਮੂ ਰਿਆਸਤ ਦਾ ਇੱਕ ਸਰਹੱਦੀ ਪਿੰਡ ਹੈ ਅਤੇ ਉਸ ਵੇਲੇ ਜੰਮੂ ਕਸ਼ਮੀਰ ਵਿੱਚ ਗੜਬੜ ਵਾਲਾ ਮਹੌਲ ਨਹੀਂ ਸੀ।

ਪਹਿਲੇ ਕਾਫਲੇ ਨੂੰ ਸਹੀ ਸਲਾਮਤ ਸ਼ੰਭ ਜੌੜੀਆਂ ਪਹੁੰਚਾਉਣ ਤੋ ਅਗਲੇ ਦਿਨ ਚੌਧਰੀ ਸਾਹਿਬ ਪਿੰਡ ਖੋੜੀ ਦੂਨਾਂ ਸਿੰਘ ਪਹੁੰਚ ਗਏ ਅਤੇ ਉਥੇ ਰਹਿਣ ਵਾਲੇ ਹਿੰਦੂਆਂ ਅਤੇ ਸਿੱਖਾਂ ਨੂੰ ਕਿਹਾ ਕਿ ਇਥੇ ਹਾਲਾਤ ਬਹੁਤ ਖਰਾਬ ਹਨ ਤੁਸੀ ਮੇਰੇ ਨਾਲ ਚਲੋ ਮੈਂ ਤੁਹਾਨੂੰ ਸਾਰਿਆਂ ਨੂੰ ਆਪਣੀ ਸੁਰੱਖਿਆ ਹੇਠ ਸਹੀ ਸਲਾਮਤ ਸ਼ੰਭ ਜੋੜੀਆਂ ਛੱਡ ਕੇ ਆਵਾਂਗਾ। ਪਿੰਡ ਦੇ ਕੁਝ ਹਿੰਦੂਆਂ ਅਤੇ ਸਿੱਖਾਂ ਨੇ ਇਸ ਗੱਲ ਤੇ ਸ਼ੱਕ ਜਾਹਿਰ ਕੀਤਾ ਕਿ ਰਸਤੇ ਵਿੱਚ ਉਨ੍ਹਾਂ ਦੇ ਕਾਫਲੇ ਤੇ ਹਮਲਾ ਹੋ ਸਕਦਾ ਹੈ ਅਤੇ ਸਾਡਾ ਜਾਨੀ ਅਤੇ ਮਾਲੀ ਨੁਕਸਾਨ ਵੀ ਹੋ ਸਕਦਾ ਹੈ। ਇਸ ਗੱਲ ਨੂੰ ਸੁਣ ਕੇ ਚੌਧਰੀ ਸਾਬ ਨੇ ਆਪਣੇ ਸਾਥੀਆਂ ਨੂੰ ਕੁਰਾਨ ਸ਼ਰੀਫ ਲਿਆਉਣ ਵਾਸਤੇ ਕਿਹਾ ਅਤੇ ਉਨ੍ਹਾਂ ਨੇ ਕੁਰਾਨ ਸ਼ਰੀਫ ਦੀ ਕਸਮ ਚੁੱਕ ਕੇ ਕਿਹਾ ਕਿ ਜਦ ਤੱਕ ਮੇਰੇ ਸਰੀਰ ਵਿੱਚ ਸਾਹ ਰਹਿਣਗੇ ਤਦ ਤੱਕ ਕੋਈ ਵੀ ਤੁਹਾਡੀ ਹਵਾ ਵੱਲ ਨਹੀਂ ਦੇਖ ਸਕੇਗਾ। ਇੱਸ ਗੱਲ ਨੂੰ ਸੁਣ ਕੇ ਪਿੰਡ ਵਾਲਿਆਂ ਨੂੰ ਚੌਧਰੀ ਸਾਬ ਤੇ ਯਕੀਨ ਹੋ ਗਿਆ ਅਤੇ ਸਾਰੇ ਪਿੰਡ ਦੇ ਲੋਕ ਇੱਕ ਕਾਫਲੇ ਦੇ ਰੂਪ ਵਿੱਚ ਸ਼ੰਭ ਜੌੜੀਆਂ ਜਾਣ ਵਾਸਤੇ ਰਾਜੀ ਹੋ ਗਏ।

ਪਿੰਡ ਦੇ ਸਿੱਖਾਂ ਨੇ ਪਿੰਡ ਛੱਡਣ ਤੋ ਪਹਿਲਾਂ ਪਿੰਡ ਦੇ ਗੁਰਦੁਆਰਾ ਸਾਹਿਬ ਤੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਪਾਵਣ ਸਰੂਪ ਇਕੱਠੇ ਕੀਤੇ ਅਤੇ ਪਿੰਡ ਵਿੱਚ ਹੀ ਸਾਰੇ ਪਾਵਨ ਸਰੂਪਾਂ ਦਾ ਸਸਕਾਰ ਕੀਤਾ ਅਤੇ ਸਵਾਹ ਨੂੰ ਪਿੰਡ ਦੇ ਨਾਲ ਲੱਗਦੀ ਨਦੀ ਵਿੱਚ ਜਲ ਪਰਵਾਹ ਕਰ ਦਿੱਤਾ। ਇਸ ਤੋਂ ਬਾਦ ਪਿੰਡ ਵਾਲਿਆਂ ਨੇ ਆਪਣਾ ਕੀਮਤੀ ਸਮਾਨ ਅਤੇ ਖਾਣ ਪੀਣ ਦੀਆਂ ਵਸਤਾਂ ਲੈ ਕੇ ਕਾਫਲੇ ਦੇ ਰੂਪ ਵਿੱਚ ਚੌਧਰੀ ਸਾਬ ਨਾਲ ਹਥਿਆਰਬੰਦ ਘੋੜਸਵਾਰਾਂ ਦੀ ਸੁਰੱਖਿਆ ਹੇਠ ਸ਼ੰਭ ਜੋੜੀਆਂ ਵੱਲ ਨੂੰ ਚੱਲ ਪਏ ਅਤੇ ਪਿੰਡ ਦੇ ਸੱਭ ਲੋਕ ਸਹੀ ਸਲਾਮਤ ਸ਼ੰਭ ਜੌੜੀਆਂ ਪਹੁੰਚ ਗਏ। ਇਥੇ ਚੌਧਰੀ ਸਾਬ ਨੇ ਲੋਕਾਂ ਨੂੰ ਆਪਣੇ ਮੰਨ ਦੀ ਖਾਹਿਸ਼ ਦੱਸਦੇ ਹੋਏ ਕਿਹਾ ਕਿ ਜੇ ਮੈਂ ਪਿੰਡ ਕੁਆਂਖ ਅਤੇ ਇਸ ਦੇ ਨਜ਼ਦੀਕੀ ਪਿੰਡ ਜਿਵੇਂ ਕਿ ਜਲਾਲਪੁਰ ਸੋਬਤੀਆਂ, ਖੁਹੀਆਂ ਵਾਲਾ ਅਤੇ ਪੈਰੋਸ਼ਾਹ ਵਰਗੇ ਪਿੰਡਾਂ ਦੇ ਲੋਕਾਂ ਨੂੰ ਸਹੀ ਸਲਾਮਤ ਸ਼ੰਭ ਜੌੜੀਆਂ ਪਹੁੰਚਾ ਸਕਿਆ ਤਾਂ ਮੈਂ ਸਮਝਾਂਗਾ ਕਿ ਇਹ ਨੇਕੀ ਦਾ ਕੰਮ ਕਰਕੇ ਮੇਰਾ ਮੱਕੇ ਦਾ ਹੱਜ ਹੋ ਗਿਆ ਹੈ। ਅਗਲੇ ਦਿਨ ਚੌਧਰੀ ਸਾਬ ਨੇ ਕੁਆਂਖ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚੋ ਸਾਰੇ ਹਿੰਦੂਆਂ ਅਤੇ ਸਿੱਖਾਂ ਨੂੰ ਇਕੱਠਾ ਕੀਤਾ ਅਤੇ ਕਾਫਲੇ ਦੇ ਰੂਪ ਵਿੱਚ ਆਪਣੇ ਹਥਿਆਰਬੰਦ ਘੋੜਸਵਾਰਾਂ ਦੀ ਸੁਰੱਖਿਆ ਹੇਠ ਸ਼ੰਭ ਜੌੜੀਆਂ ਨੂੰ ਚੱਲ ਪਏ ਅਤੇ ਕਾਫਲੇ ਦੇ ਸਾਰੇ ਲੋਕਾਂ ਬਿਨ੍ਹਾਂ ਕਿਸੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਸਹੀ ਸਲਾਮਤ ਸ਼ੰਭ ਜੌੜੀਆਂ ਪਹੁੰਚਾਇਆ।

ਸ਼ੰਭ ਜੌੜੀਆਂ ਵਿੱਚ ਉਨ੍ਹਾਂ ਨੇ ਕੁਆਖ ਦੇ ਲੋਕਾਂ, ਜਿੰਨ੍ਹਾਂ ਵਿੱਚ ਬਹੁਤ ਸਾਰੇ ਮਿਲਟਰੀ ਅਫਸਰ ਵੀ ਸਨ, ਨੂੰ ਕਿਹਾ ਕਿ ਅਸੀਂ ਸਦੀਆਂ ਤੋਂ ਇਕੱਠੇ ਰਹੇ ਹਾਂ ਪਰ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਤੁਹਾਨੂੰ ਆਪਣੀਆਂ ਜਾਇਦਾਦਾਂ, ਘਰ ਬਾਰ, ਮਾਲ ਡੰਗਰ ਅਤੇ ਹੋਰ ਸਭ ਕੁੱਝ ਇਥੇ ਹੀ ਛੱਡ ਕੇ ਖਾਲੀ ਹੱਥ ਜਾਣਾ ਪੈ ਰਿਹਾ ਹੈ ਜਿਸ ਦਾ ਮੈਨੂੰ ਬਹੁਤ ਅਫਸੋਸ ਹੈ ਇੰਨਾ ਕਹਿਣ ਦੇ ਬਾਦ ਚੌਧਰੀ ਖਾਨ ਮੁਲਕ ਨੇ ਬਹੁਤ ਹੀ ਨਮ ਅੱਖਾਂ ਨਾਲ ਸਭ ਨੂੰ ਅਲਵਿਦਾ ਕਿਹਾ ਅਤੇ ਉਥੋਂ ਵਾਪਿਸ ਚਲੇ ਗਏ।

ਕੁਝ ਸਮੇਂ ਬਾਦ ਪਿੰਡ ਦੂਨਾਂ ਸਿੰਘ ਤੋ ਆਏ ਸ਼ਰਨਾਰਥੀਆਂ ਨੇ ਸਾਨੂੰ ਦੱਸਿਆ ਕਿ ਪਿੰਡ ਕੁਆਂਖ ਅਤੇ ਦੁਆਲੇ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਸਹੀ ਸਲਾਮਤ ਸ਼ੰਭ ਜੌੜੀਆਂ ਪਹੁੰਚਾਨ ਦੇ ਕੁਝ ਦਿਨ ਬਾਦ ਇਲਾਕੇ ਦੇ ਕੁਝ ਮੁਸਲਮਾਨ ਚੌਧਰੀ ਸਾਬ ਦੇ ਕੋਲ ਆਏ ਅਤੇ ਉਨਾਂ ਨੇ ਚੌਧਰੀ ਸਾਬ ਦੇ ਕੀਤੇ ਇਸ ਨੇਕੀ ਦੇ ਕੰਮ ਤੇ ਬਹੁਤ ਗੁੱਸੇ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਤੁਸੀਂ ਹਿੰਦੂਆਂ ਅਤੇ ਸਿੱਖਾਂ ਨੂੰ ਬਚਾ ਕੇ ਬਹੁਤ ਗਲਤ ਕੰਮ ਕੀਤਾ ਹੈ। ਤੁਸੀਂ ਆਪਣੇ ਧਰਮ ਦੇ ਲੋਕਾਂ ਨਾਲ ਗੱਦਾਰੀ ਕੀਤੀ ਹੈ ਅਸੀਂ ਹਿੰਦੂਆਂ, ਸਿੱਖਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਮਾਰ ਮੁਕਾਉਣਾ ਸੀ ਕਿਉਂਕਿ ਇਨ੍ਹਾਂ ਲੋਕਾਂ ਨੇ ਸਾਡੇ ਮੁਸਲਮਾਨ ਭਰਾਵਾਂ ਨੂੰ ਮਾਰਿਆ ਸੀ। ਇਨ੍ਹਾਂ ਸਾਰਿਆਂ ਨੂੰ ਮਾਰ ਕੇ ਅਸੀਂ ਆਪਣੇ ਮੁਸਲਮਾਨ ਭਰਾਵਾਂ ਦੀ ਮੌਤ ਦਾ ਬਦਲਾ ਲੈਣਾ ਸੀ। ਚੌਧਰੀ ਖਾਨ ਮੁਲਕ ਨੇ ਇਨ੍ਹਾਂ ਮੁਸਲਮਾਨਾਂ ਨੂੰ ਕਿਹਾ ਕਿ ਤੁਸੀਂ ਜੋ ਮਰਜੀ ਕਹੀ ਜਾਵੋ ਮੈਂ ਤਾਂ ਹਿੰਦੂਆਂ ਅਤੇ ਸਿੱਖਾਂ ਦੀ ਜਾਨ ਬਚਾ ਕੇ ਇਨਸਾਨੀਅਤ ਦਾ ਫਰਜ਼ ਅਦਾ ਕੀਤਾ ਹੈ ਅਤੇ ਮੈਂ ਨਹੀਂ ਸੀ ਚਾਹੁੰਦਾ ਕਿ ਮੇਰੀਆਂ ਅੱਖਾਂ ਸਾਹਮਣੇ ਇਨਸਾਨੀਅਤ ਦਾ ਖੂਨ ਵਗੇ। ਇਹ ਬਹੁਤ ਚੰਗਾ ਹੋਇਆ ਹੈ ਕਿ ਮੇਰੀ ਵਜਾ ਕਰਕੇ ਕੁਝ ਹਿੰਦੂ ਅਤੇ ਸਿੱਖ ਪਰਿਵਾਰ ਸਹੀ ਸਲਾਮਤ ਆਪਣੇ ਮੁਲਕ ਪਹੁੰਚ ਗਏ ਸਨ। ਇਹ ਸਭ ਕੁੱਝ ਸੁਣ ਕੇ ਇਨ੍ਹਾਂ ਮੁਸਲਮਾਨਾਂ ਨੂੰ ਹੋਰ ਵੀ ਗੁੱਸਾ ਆਇਆ ਅਤੇ ਉਨ੍ਹਾਂ ਨੇ ਚੌਧਰੀ ਸਾਬ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ।

ਸੰਨ 1947 ਦੇ ਦੇਸ਼ ਬਟਵਾਰੇ ਤੋਂ ਬਾਦ ਚੌਧਰੀ ਖਾਨ ਮੁਲਕ ਬਾਰੇ ਕਿਸੇ ਤੋਂ ਵੀ ਕੋਈ ਹੋਰ ਜਾਣਕਾਰੀ ਨਹੀਂ ਮਿਲੀ। ਪਰ ਜੋ ਕੁੱਝ ਉਨ੍ਹਾਂ ਨੇ ਸਾਡੇ ਪਿੰਡ ਅਤੇ ਆਲੇ ਦੁਆਲੇ ਦੇ ਹੋਰ ਪਿੰਡਾਂ ਦੇ ਹਿੰਦੂਆਂ ਅਤੇ ਸਿੱਖਾਂ ਲਈ ਉਸ ਔਖੀ ਅਤੇ ਮੁਸ਼ਿਕਲ ਘੜੀ ਵਿੱਚ ਨਿਡਰ ਹੋ ਕੇ ਮੱਦਦ ਕੀਤੀ ਅਤੇ ਸਾਡੇ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕੀਤੀ ਮੈਂ ਇਸ ਨੂੰ ਕਦੇ ਵੀ ਨਹੀਂ ਭੁੱਲ ਸਕਦਾ। ਸੰਨ 1981-82 ਵਿੱਚ ਮੈਂ ਚੌਧਰੀ ਸਾਬ ਦੇ ਪਾਕਿਸਤਾਨ ਵਿੱਚ ਰਹਿੰਦੇ ਵਾਰਸਾਂ ਨੂੰ ਖ਼ਤ ਲਿਖਿਆ ਸੀ ਜਿਸ ਵਿੱਚ ਮੈਂ ਬੇਨਤੀ ਕੀਤੀ ਸੀ ਕਿ ਮੈਨੂੰ ਚੌਧਰੀ ਸਾਬ ਦੀ ਫੋਟੋ ਅਤੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਜਾਣਕਾਰੀ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਪਰ ਮੈਨੂੰ ਉਸ ਚਿੱਠੀ ਦਾ ਜਵਾਬ ਨਹੀਂ ਮਿਲਿਆ। ਕੋਈ 5-6 ਸਾਲ ਪਹਿਲਾਂ ਮੇਰੀ ਮੁਲਾਕਾਤ ਡਾਕਟਰ ਚੌਧਰੀ ਅਜਹਰ ਮਹਿਮੂਦ ਸਾਬ ਨਾਲ ਹੋਈ ਜੋ ਕਿ ਕੈਨੇਡਾ ਵਿੱਚ ਕਰਵਾਈ ਗਈ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਸ਼ਮੂਲੀਅਤ ਕਰਨ ਵਾਸਤੇ ਪਾਕਿਸਤਾਨ ਤੋਂ ਆਏ ਸਨ। ਮੈਂ ਡਾਕਟਰ ਸਾਬ ਨੂੰ ਪਹਿਲੇ ਕਦੇ ਵੀ ਨਹੀਂ ਮਿਲਿਆ ਸੀ ਅਤੇ ਡਾਕਟਰ ਸਾਬ ਨਾਲ ਮੇਰੀ ਮੁਲਾਕਾਤ ਮੇਰੇ ਇੱਕ ਅਜੀਜ ਦੋਸਤ ਰਾਹੀਂ ਹੋਈ ਸੀ ਜੋ ਡਾਕਟਰ ਸਾਬ ਦੇ ਜਾਣੂੰ ਸਨ। ਇਸ ਮੁਲਾਕਾਤ ਦੌਰਾਨ ਮੈਂ ਡਾਕਟਰ ਸਾਬ ਨਾਲ ਚੌਧਰੀ ਖਾਨ ਮੁਲਕ ਸਾਬ ਬਾਰੇ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਹ ਚੌਧਰੀ ਸਾਬ ਦੀ ਜੀਵਨੀ ਤੇ ਇੱਕ ਕਿਤਾਬ ਲਿਖ ਰਹੇ ਹਨ। ਚੌਧਰੀ ਖਾਨ ਮੁਲਕ ਸਾਬ ਦੀ ਜੋ ਪੁਰਾਣੀ ਫੋਟੋ ਇਸ ਲਿਖਤ ਵਿੱਚ ਲਗਾਈ ਹੈ ਉਹ ਵੀ ਡਾਕਟਰ ਸਾਬ ਨੇ ਮੈਨੂੰ ਵੱਟਸਅੱਪ ਦੇ ਮਾਧਿਅਮ ਰਾਹੀਂ ਭੇਜੀ ਸੀ ਮੈਂ ਡਾਕਟਰ ਸਾਬ ਦਾ ਇਸ ਵਾਸਤੇ ਦਿਲੋਂ ਧੰਨਵਾਦੀ ਹਾਂ।

**ਦਾਸ**

**ਸ. ਸੰਗਤ ਸਿੰਘ ਬਰੈਪਟਨ, ਕੈਨੇਡਾ**


**ਮੋਬਾਈਲ ਨੰਬਰ** - 647 859 7343

● ● ●

# ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਮਾਰਚ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ



ਮੇਜਰ. ਐਨ.ਐਸ.
ਮੁਲਤਾਨੀ,
ਵਾਇਸ ਪ੍ਰਧਾਨ ਅਤੇ
ਜਨਰਲ ਸਕੱਤਰ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਮਾਰਚ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ ।

ਮਾਰਚ ਮਹੀਨੇ ਦੀ ਕੁੱਲ ਆਮਦਨ (ਰੁਪਏ) – 4,93,542/–ਰੁਪਏ

ਮਾਰਚ ਮਹੀਨੇ ਦਾ ਕੁੱਲ ਖਰਚ (ਰੁਪਏ) – 17,60,263.39/–ਰੁਪਏ

2. **ਮਾਰਚ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਚੇਤ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ 14 ਮਾਰਚ 2024 ਨੂੰ ਸ਼ਰਧਾਪੂਰਵਕ ਮਨਾਇਆ ਗਿਆ। ਜਿਸ ਵਿੱਚ ਤਕਰੀਬਨ 30 ਮੈਂਬਰਾਂ ਨੇ ਹਾਜ਼ਰੀ ਭਰੀ। ਜਨਰਲ ਸਕੱਤਰ ਮੇਜਰ ਨਿਰੰਜਨ ਸਿੰਘ ਮੁਲਤਾਨੀ ਨੇ ਸਾਰੀ ਸੰਗਤ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੇ ਕਿਹਾ ਕਿ ਆਪ ਜੀ ਸਾਰੀ ਸੰਗਤ ਨੇ ਗੁਰੂ ਘਰ ਵਿੱਚ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਉਨ੍ਹਾਂ ਨੇ ਬਾਅਦ ਵਿੱਚ ਨਵੇਂ ਪ੍ਰਧਾਨ ਦੀ ਚੋਣ ਬਾਰੇ ਸੂਚਿਤ ਕਰਦਿਆਂ ਕਿਹਾ ਕਿ ਤਕਰੀਬਨ 12 ਉਮੀਦਵਾਰ ਇਸ ਵਾਰ ਪ੍ਰਧਾਨ ਦੀ ਚੋਣ ਲਈ ਖੜ੍ਹੇ ਹੋਏ ਹਨ। ਉਨ੍ਹਾਂ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਸਭ ਨੂੰ ਉਦਮ ਬਖ਼ਸ਼ੇ ਅਤੇ ਇਕ ਸੂਝਵਾਨ, ਨਿਸ਼ਕਾਮ ਸੇਵਾ ਕਰਨ ਵਾਲੇ ਅਤੇ ਦਾਨੀ ਉਮੀਦਵਾਰ ਨਵਾਂ ਪ੍ਰਧਾਨ ਬਣੇ ਤਾਂ ਕਿ ਅੱਗੇ ਆਉਣ ਵਾਲੇ ਸਮੇਂ ਵਿੱਚ ਚੰਗੀ ਤਰ੍ਹਾਂ ਕੰਮ ਕਰਕੇ ਹੋਰ ਸੁਧਾਰ ਕਰਕੇ ਭਵਨ ਨੂੰ ਚੜ੍ਹਦੀ ਕਲਾ ਬਖ਼ਸ਼ੇ। ਬਾਅਦ ਵਿੱਚ ਸਾਡੇ ਵਿੱਤ ਸਕੱਤਰ, ਸ: ਗੁਲਸ਼ਨ ਕੁਮਾਰ ਸਿੰਘ ਨੇ ਚੇਤ ਮਹੀਨੇ ਦੀ ਮਹੱਤਤਾ ਬਾਰੇ ਵਿਸਥਾਰ ਸਹਿਤ ਵਿਚਾਰ ਰੱਖੇ ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡੈਂਟਲ ਕਲੀਨਿਕ ਦੀ ਸੇਵਾਵਾਂ ਦਾ ਕੰਮ ਚੜ੍ਹਦੀ ਕਲਾ ਵਿੱਚ ਚੱਲ ਰਿਹਾ ਹੈ ਜਿਸ ਵਿੱਚ ਮਾਰਚ ਮਹੀਨੇ ਵਿੱਚ 15 ਲਾਭਪਾਤਰੀਆਂ ਨੇ ਡੈਂਟਲ ਸੇਵਾਵਾਂ ਦਾ ਚੈੱਕਅਪ ਅਤੇ ਇਲਾਜ ਕਰਾ ਕੇ ਲਾਹਾ ਲਿਆ ਹੈ।

4. **ਭਾਈ ਮਨੀ ਸਿੰਘ ਬਲਾਕ ਦੀ ਫ਼ਾਇਰ ਫ਼ਾਇਟਿੰਗ ਦੀ ਐਨ.ਓ.ਸੀ. ਬਾਰੇ** - ਇੰਜ ਹਰਦੇਵ ਸਿੰਘ, ਸੀ. ਮੈਂਟੀ. ਸਕੱਤਰ ਵਲੋਂ ਐਨ.ਓ.ਸੀ. ਪ੍ਰਾਪਤ ਕਰਨ ਦੀ ਕੋਸ਼ਿਸ਼ਾਂ ਜਾਰੀ ਹਨ। ਇਸ ਵਿਸ਼ੇ ਤੇ ਕਾਰਵਾਈ ਛੇਤੀ ਕਰਨੀ ਬਨਦੀ ਹੈ।

5. **ਜ਼ਰੂਰਤ ਤੇ ਹੋਣਹਾਰ ਬੱਚਿਆ ਨੂੰ ਵਜ਼ੀਫੇ ਦੇਣ ਸੰਬੰਧੀ** - 'ਲੁਬਾਣਾ ਸੇਵਕ' ਮੈਗਜ਼ੀਨ ਵਿੱਚ ਬਿਨੈ ਪੱਤਰ ਫ਼ਾਰਮ ਪ੍ਰਾਪਤ ਕਰਨ ਦੀ ਮਿਤੀ 31.01.2024 ਰੱਖੀ ਗਈ ਸੀ, ਜਿਸ ਵਿੱਚ ਕੁੱਲ 33 ਫ਼ਾਰਮ ਮਿਲੇ ਹਨ ਅਤੇ ਸ: ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.) ਕਾਰਜਕਾਰੀ ਮੈਂਬਰ ਅਤੇ ਵਜ਼ੀਫ਼ਾ ਵੰਡ ਸਬ–ਕਮੇਟੀ ਦੇ ਚੇਅਰਮੈਨ ਵਲੋਂ ਸਾਰੇ ਫਾਰਮਾਂ ਨੂੰ ਚੈਕ ਕਰਕੇ ਅਤੇ ਪ੍ਰਧਾਨ ਜੀ ਵਲੋਂ ਮਨਜ਼ੂਰੀ ਪ੍ਰਾਪਤ ਕਰਕੇ ਬੱਚਿਆਂ ਨੂੰ ਵਜ਼ੀਫ਼ਿਆਂ ਦੀ ਅਦਾਇਗੀ 31 ਮਾਰਚ 2024 ਨੂੰ, ਜਿਸ ਦੀ ਬਣਦੀ ਕੁੱਲ ਰਾਸ਼ੀ 2,53,800 ਰੁਪਏ ਸੀ, ਜਿਸ ਵਿਚੋਂ 29 ਬੱਚਿਆਂ ਦੇ ਵਜ਼ੀਫ਼ਿਆਂ ਦੀ ਅਦਾਇਗੀ 2,20,200 ਰੁਪਏ 31 ਮਾਰਚ 2024 ਨੂੰ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਹੋ ਚੁੱਕੀ ਹੈ ਅਤੇ 4 ਬੱਚਿਆਂ ਦੇ ਵਜ਼ੀਫ਼ਿਆਂ ਦੀ ਅਦਾਇਗੀ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਕੁੱਝ ਸਮੱਸਿਆ ਹੋਣ ਕਰਕੇ ਅਜੇ ਨਹੀਂ ਹੋ ਸਕੀ। ਠੀਕ ਜਾਣਕਾਰੀ ਮਿਲਣ ਤੋਂ ਉਪਰੰਤ ਉਨ੍ਹਾਂ ਦੇ ਵਜ਼ੀਫ਼ਿਆਂ ਅਦਾਇਗੀ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਜਲਦੀ ਹੀ ਕਰ ਦਿੱਤੀ ਜਾਵੇਗੀ।

6. **ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ ਦੀ ਮੁਰੰਮਤ ਬਾਰੇ** - ਇਸ ਵਿਸ਼ੇ ਦੀ ਸਥਿਤੀ ਕੰਮ ਨਾ ਹੋਣ ਕਰਕੇ ਜਿਉਂ ਦੀ ਤਿਉਂ ਹੀ ਹੈ।

**7. ਮਨੀਸ਼ ਕੁਮਾਰ ਗਬਨ ਕੇਸ ਬਾਰੇ** - ਇਸ ਕੰਮ ਵਿੱਚ ਸਥਿਤੀ ਦੀ ਅਗਲੇਰੀ ਕਾਰਵਾਈ ਹਿੱਤ ਮਤਲਬ ਐਫ਼.ਆਈ.ਆਰ. ਦਰਜ ਕਰਵਾਉਣ ਸੰਬੰਧੀ ਸ੍: ਜਗਜੀਤ ਸਿੰਘ ਭਗਤਾਨਾ, ਐਸ.ਐਸ.ਪੀ, (ਰਿਟਾ.), ਸੀ. ਮੀਤ ਪ੍ਰਧਾਨ, ਪੰਜਾਬ ਅਗਲੇਰੀ ਕਾਰਵਾਈ ਕਰ ਰਹੇ ਹਨ। ਇਸ ਵਿੱਚ ਕਾਫ਼ੀ ਦੇਰੀ ਹੋ ਰਹੀ ਹੈ ਜਿਸ ਲਈ ਜਲਦੀ ਤੋਂ ਜਲਦੀ ਕੋਈ ਨਾ ਕੋਈ ਕਾਰਵਾਈ ਕੀਤੀ ਜਾਵੇਗੀ।

**8. ਕਾਰਜਕਾਰੀ ਅਤੇ ਜਨਰਲ ਬਾਡੀ ਦੀ ਮੀਟਿੰਗ ਬਾਰੇ** - ਕਾਰਜਕਾਰੀ ਅਤੇ ਜਨਰਲ ਬਾਡੀ ਦੀ ਮੀਟਿੰਗ 20 ਫਰਵਰੀ 2024 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਹੋਈ, ਜਿਸ ਵਿੱਚ ਪ੍ਰਧਾਨ ਦੀ ਚੋਣ ਲਈ ਇਕ ਕਮੇਟੀ ਬਣਾਈ ਗਈ। ਜਨਰਲ ਬਾਡੀ ਦੀ ਮੀਟਿੰਗ ਵਿੱਚ 154 ਮੈਂਬਰਾਂ ਅਤੇ ਕਾਰਜਕਾਰੀ ਦੀ ਮੀਟਿੰਗ ਵਿੱਚ 33 ਮੈਂਬਰਾਂ ਨੇ ਹਾਜ਼ਰੀ ਭਰੀ ।

**9. ਇਲੈਕਸ਼ਨ ਕਮੇਟੀ ਦੀ ਪਹਿਲੀ ਮੀਟਿੰਗ** - ਸਾਲ 2024 ਦੇ ਲਈ ਇਲੈਕਸ਼ਨ ਕਮੇਟੀ ਦੀ ਪਹਿਲੀ ਮੀਟਿੰਗ 02.03.2024 ਨੂੰ ਭਵਨ ਦੇ ਕਾਨਫਰੰਸ ਹਾਲ ਵਿਚ ਕੀਤੀ ਗਈ, ਜਿਸ ਵਿੱਚ 9 ਮੈਂਬਰਾਂ ਅਤੇ 2 ਰਿਜ਼ਰਵ ਮੈਂਬਰਾਂ ਨੇ ਹਾਜ਼ਰੀ ਭਰੀ। ਇਸ ਮੀਟਿੰਗ ਵਿੱਚ ਇਲੈਕਸ਼ਨ ਕਰਵਾਉਣ ਦਾ ਸ਼ੈਡਯੂਲ ਤਿਆਰ ਕੀਤਾ ਗਿਆ ਸੀ ਅਤੇ ਇਸ ਸ਼ੈਡਯੂਲ ਦੀ ਕਾਪੀ 'ਲੁਬਾਣਾ ਸੇਵਕ' ਦੇ ਮਾਰਚ ਦੇ ਮਹੀਨੇ ਵਿੱਚ ਵੀ ਛਾਪੀ ਗਈ ਸੀ।

10. ਪ੍ਰਧਾਨ ਦੀ ਚੋਣ ਵਿੱਚ ਹਿੱਸਾ ਲੈਣ ਲਈ 12 ਉਮੀਦਵਾਰਾਂ ਨੇ ਆਪਣੇ ਨਾਮੀਨੇਸ਼ਨ ਫ਼ਾਰਮ ਭਰੇ, ਜੋ ਕਿ ਹੇਠ ਲਿਖੇ ਅਨੁਸਾਰ ਹਨ :-

| | |
|---|---|
| 1. ਸ: ਅਮਰਜੀਤ ਸਿੰਘ | 7. ਸ: ਹਰਦਿਆਲ ਸਿੰਘ ਘੋਤੜਾ |
| 2. ਸ: ਅਵਤਾਰ ਸਿੰਘ | 8. ਸਰਦਾਰਨੀ ਹਰਪ੍ਰੀਤ ਕੌਰ ਪੇਲਿਆ |
| 3. ਸ: ਬਲਵਿੰਦਰ ਸਿੰਘ ਮੁਲਤਾਨੀ | 9. ਸ: ਜਗਜੀਤ ਸਿੰਘ |
| 4. ਸ: ਬਲਦੇਵ ਸਿੰਘ ਮੁੰਦਰ | 10. ਸ: ਕੁਲਬੀਰ ਸਿੰਘ |
| 5. ਸ: ਭਗਵਾਨ ਸਿੰਘ ਲੁਬਾਣਾ | 11. ਸ: ਮਹਿੰਦਰ ਸਿੰਘ |
| 6. ਸ: ਗੁਲਸ਼ਨ ਕੁਮਾਰ ਸਿੰਘ | 12. ਸ: ਸੁਰਿੰਦਰ ਸਿੰਘ ਰੂਬੀ |

11. ਚੋਣ ਕਮੇਟੀ ਦੀ ਦੂਸਰੀ ਮੀਟਿੰਗ 09 ਮਾਰਚ 2024 ਨੂੰ ਹੋਈ, ਜਿਸ ਲਈ ਵਿਸਥਾਰ ਸਹਿਤ ਚਰਚਾ ਹੋਈ ਅਤੇ ਵੱਖ-ਵੱਖ ਮੈਂਬਰਾਂ ਨੂੰ ਚੋਣ ਦੇ ਇੰਤਜਾਮ ਕਰਨ ਲਈ ਜ਼ਿੰਮੇਵਾਰੀਆਂ ਸੌਂਪੀਆ ਗਈਆਂ।

12. ਚੋਣ ਕਮੇਟੀ ਦੇ ਚੇਅਰਪਰਸਨ ਨੇ ਸਾਰੇ ਉਮੀਦਵਾਰਾਂ ਨੂੰ 18 ਮਾਰਚ 2024 ਨੂੰ ਬੁਲਾਈਆ ਅਤੇ ਉਨ੍ਹਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਕਿਹਾ ਕਿ ਫ਼ਾਊਂਡੇਸ਼ਨ ਦੀ ਬੇਹਤਰੀ ਲਈ ਆਪ ਦੀਆਂ ਧੜ੍ਹੇ-ਬੰਧੀਆਂ ਨੂੰ ਖਤਮ ਕਰਕੇ ਆਪਸ ਵਿੱਚ ਸਹਿਮਤੀ ਕਰਨ ਲਈ ਸਲਾਹ ਦਿੱਤੀ ।

13. ਚੋਣ ਕਮੇਟੀ ਦੀ ਤੀਸਰੀ ਮੀਟਿੰਗ 20 ਮਾਰਚ 2024 ਨੂੰ ਹੋਈ, ਜਿਸ ਵਿੱਚ ਸਾਰੇ ਚੋਣ ਕਮੇਟੀ ਦੇ ਮੈਂਬਰਾਂ ਅਤੇ ਉਮੀਦਵਾਰਾਂ ਨੂੰ ਆਉਣ ਲਈ ਸੱਦਾ ਦਿੱਤਾ ਗਿਆ ਤਾਂ ਕਿ ਕਿਸੇ ਇੱਕ ਉਮੀਦਵਾਰ ਤੇ ਸਹਿਮਤੀ ਬਨਾਉਣ ਲਈ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਸਕੇ। ਇਸ ਮੀਟਿੰਗ ਵਿੱਚ ਸਾਰੇ ਉਮੀਦਵਾਰਾਂ ਨੇ ਆਪਣੇ ਵਿਚਾਰ ਰੱਖੇ ਅਤੇ ਚੇਅਰਪਰਸਨ ਨੇ ਉਮੀਦਵਾਰਾਂ ਨੂੰ ਬੇਨਤੀ ਕੀਤੀ ਕਿ ਉਹ 3-4 ਕੁੱਝ ਉਮੀਦਵਾਰਾਂ ਤੇ ਸਹਿਮਤੀ ਬਨਾਉਣ ਤਾਂ ਕਿ ਸਰਬ-ਸਹਿਮਤੀ ਲਈ ਕੋਸ਼ਿਸ਼ ਕੀਤੀ ਜਾ ਸਕੇ। ਇਸ ਲਈ ਉਨ੍ਹਾਂ ਨੇ ਸਾਰੇ ਉਮੀਦਵਾਰਾਂ ਨੂੰ ਕਿਹਾ ਕਿ ਕੁੱਝ ਸਮੇਂ ਲਈ ਉਹ ਬਾਹਰ ਜਾ ਸਕਦੇ ਹਨ ਅਤੇ ਸਹਿਮਤੀ ਲਈ ਆਪਸੀ ਵਿਚਾਰ ਸਾਂਝੇ ਕਰਕੇ ਦੱਸਣ। ਉਮੀਦਵਾਰਾਂ ਦੇ ਵਾਪਸ ਆਉਣ ਤੇ ਦੁਬਾਰਾ ਵਿਸਥਾਰ ਸਹਿਤ ਚਰਚਾ ਹੋਈ ਅਤੇ ਉਸ ਤੋਂ ਉਪਰੰਤ ਸਿਰਫ਼ ਦੋ ਹੀ ਉਮੀਦਵਾਰ ਰਹਿ ਗਏ ਸਨ। ਇਸ ਲਈ ਸਹਿਮਤੀ ਲਈ ਇੱਕ ਉਮੀਦਵਾਰ ਤੇ ਕਰਨ ਲਈ ਪਹੁੰਚਿਆ ਜਾ ਸਕੇ, ਇਸ ਲਈ ਚੇਅਰਪਰਸਨ ਨੇ ਬੇਨਤੀ ਕੀਤੀ ਕਿ ਉਹ ਸਾਰੇ ਆਪਦੇ ਨਾਮ ਪੱਤਰ ਵਾਪਸ ਲੈਣ ਲਈ ਹਸਤਾਖ਼ਰ ਕਰਕੇ ਚੇਅਰਪਰਸਨ ਨੂੰ ਸੌਂਪਣ। ਸ: ਜਗਜੀਤ ਸਿੰਘ ਭਗਤਾਨਾ, ਸ: ਭਗਵਾਨ ਸਿੰਘ ਲੁਬਾਣਾ ਅਤੇ ਸ: ਕੁਲਬੀਰ ਸਿੰਘ ਨੇ ਚੇਅਰਪਰਸਨ ਨੂੰ ਸੁਝਾਅ ਦਿੱਤਾ ਕਿ ਉਹ ਤਿੰਨ ਮੈਂਬਰਾਂ ਦੀ ਕਮੇਟੀ ਬਨਾਉਣ ਅਤੇ ਉਨ੍ਹਾਂ ਦੀ ਯੋਗਤਾ ਅਤੇ ਕਾਰਜਸ਼ੈਲੀ ਨੂੰ ਧਿਆਨ ਵਿੱਚ ਰੱਖ ਕੇ ਆਪਦਾ ਫੈਸਲਾ ਕਰਨ ਤਾਂ ਕਿ ਇੱਕ ਯੋਗ ਉਮੀਦਵਾਰ ਨੂੰ ਪ੍ਰਧਾਨ ਬਣਾਉਣ ਲਈ ਘੋਸ਼ਿਤ ਕੀਤਾ ਜਾ ਸਕੇ। ਜਿਸ ਲਈ ਤਿੰਨ ਚੋਣ ਕਮੇਟੀ ਦੇ ਮੈਂਬਰਾਂ ਦੀ ਕਮੇਟੀ ਬਣਾਈ ਗਈ ਜਿਸ ਵਿੱਚ ਸ: ਹਰਮਨਪ੍ਰੀਤ ਸਿੰਘ, ਵਾਇਸ ਚੇਅਰਪਰਸਨ, ਕਰਨਲ ਗੁਰਦੀਪ ਸਿੰਘ (ਰਿਟਾ.) ਅਤੇ ਸ: ਸੁਰਜੀਤ ਸਿੰਘ ਪਾਏ ਗਏ। ਉਨ੍ਹਾਂ ਨੇ ਆਪਸ ਵਿੱਚ ਵਿਸਥਾਰ ਸਹਿਤ ਵਿਚਾਰ ਕਰਨ ਉਪਰੰਤ ਇਹ ਫ਼ੈਸਲਾ ਲਿਆ ਕਿ ਸ: ਭਗਵਾਨ ਸਿੰਘ ਲੁਬਾਣਾ ਨੂੰ ਸਹਿਮਤੀ ਨਾਲ ਫ਼ਾਊਂਡੇਸ਼ਨ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਜਾਵੇ।

14. ਚੇਅਰਮੈਨ ਸ: ਨਰਿੰਦਰ ਸਿੰਘ ਨੇ ਇਹ ਫੈਸਲਾ ਸਾਰੇ ਚੋਣ ਕਮੇਟੀ ਦੇ ਮੈਂਬਰਾਂ ਅਤੇ ਉਮੀਦਵਾਰਾਂ ਨਾਲ ਬਾਹਰ ਲਾਅਨ ਵਿੱਚ ਸਾਂਝਾ ਕੀਤਾ ਅਤੇ ਘੋਸ਼ਿਤ ਕੀਤਾ ਕਿ ਨਵੇਂ ਪ੍ਰਧਾਨ ਸ: ਭਗਵਾਨ ਸਿੰਘ ਲੁਬਾਣਾ ਹੋਣਗੇ।

15. ਆਪ ਜੀ ਨੂੰ ਜਾਣ ਕਰਕੇ ਖੁਸ਼ੀ ਹੋਵੇਗੀ ਕਿ ਨਵੇਂ ਪ੍ਰਧਾਨ ਇੰਜ: ਭਗਵਾਨ ਸਿੰਘ ਲੁਬਾਣਾ ਨੂੰ ਭਵਨ ਵਿਖੇ 30 ਮਾਰਚ 2024

ਆਮੰਤਰਿਤ ਕਰਕੇ ਉਨ੍ਹਾਂ ਦੀ ਪ੍ਰਧਾਨ ਦੀ ਨਿਯੁਕਤੀ ਦਾ ਪੱਤਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਉਹ ਆਪਦਾ ਪ੍ਰਧਾਨ ਦਾ ਅਹੁਦਾ 01 ਅਪ੍ਰੈਲ 2024 ਤੋਂ ਸੰਭਾਲਣਗੇ। ਇੰਜ: ਹਰਭਜਨ ਸਿਘ ਬਾਹਰ ਜਾਣ ਵਾਲੇ ਪ੍ਰਧਾਨ ਨੂੰ ਵੀ ਵਿਦਾਈ ਵਜੋਂ ਫੁੱਲਾਂ ਦਾ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸਾਡੇ ਚੋਣ ਕਮੇਟੀ ਦੇ ਚੇਅਰਪਰਸਨ, ਸ: ਨਰਿੰਦਰ ਸਿੰਘ ਨੂੰ ਵੀ ਉਨ੍ਹਾਂ ਦੇ ਸਰਾਹਨੀਯਾ ਕੰਮ ਲਈ ਫੁਲਾਂ ਦਾ ਗੁਲਦਸਤਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

16. **ਭਾਈ ਲੱਖੀ ਸ਼ਾਹ ਬਲਾਕ ਦੀ ਉਸਾਰੀ ਸੰਬੰਧੀ** - ਭਾਈ ਲੱਖੀ ਸ਼ਾਹ ਬਲਾਕ ਦੀ ਪਹਿਲੀ ਮੰਜ਼ਿਲ ਦੀ ਉਸਾਰੀ ਲਈ ਸਤੰਬਾ ਦੀ ਤਿਆਰੀ ਪੂਰੀ ਤਰ੍ਹਾਂ ਹੋ ਚੁੱਕੀ ਹੈ ਅਤੇ ਸ਼ਟਰਿੰਗ ਦੀ ਤਿਆਰੀ ਚੱਲ ਰਹੀ ਹੈ ਅਤੇ ਬਹੁਤ ਜਲਦੀ ਹੀ ਪਹਿਲੀ ਮੰਜ਼ਿਲ ਦੀ ਛੱਤ ਵੀ ਪਾ ਦਿੱਤੀ ਜਾਵੇਗੀ।

ਪ੍ਰਧਾਨ ਜੀ ਵਲੋਂ ਸਮੂਹ ਮੈਂਬਰਾਂ ਅਤੇ ਹੋਰ ਦਾਨੀ ਸੱਜਣਾਂ ਨੂੰ ਪੁਰਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਇਸ ਸਾਂਝੇ ਉਸਾਰੀ ਕਾਰਜ ਜੋ ਕਿ ਸੰਸਥਾ ਦੇ ਹਿੱਤ ਵਿੱਚ ਹੈ, ਲਈ ਯਥਾ-ਸ਼ਕਤੀ ਅਤੇ ਸਵੈ-ਇੱਛਾ ਨਾਲ ਤਨ, ਮਨ ਅਤੇ ਧਨ ਨਾਲ ਆਪਣੀ-ਆਪਣੀ ਬਣਦੀ ਸੇਵਾ ਦਿਲ ਖੋਲ੍ਹ ਕੇ ਭੇਜਣ ਦੀ ਕ੍ਰਿਪਾਲਤਾ ਕਰਨ ਜੀ।

ਦਾਨ ਦੀ ਰਾਸ਼ੀ ਨਕਦ ਰਸੀਦ ਕਟਵਾ ਕੇ, ਚੈਕ, ਡਰਾਫ਼ਟ ਜਾਂ ਆਨਲਾਈਨ ਬੈਂਕ ਖਾਤੇ ਰਾਹੀਂ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਡੇਸ਼ਨ (ਰਜਿ.), ਚੰਡੀਗੜ੍ਹ ਦੇ ਖਾਤੇ ਵਿੱਚ ਜਮ੍ਹਾ ਕਰਵਾਈ ਜਾ ਸਕਦੀ ਹੈ।

(1) ਬੈਂਕ ਦਾ ਨਾਮ ਅਤੇ ਪਤਾ - State Bank of India, Sector-30, Chandigarh.

(2) ਬੈਂਕ ਦਾ ਚਾਲੂ ਖਾਤਾ ਨੰਬਰ -3538 3682 122

(3) ਬੈਂਕ ਦਾ ਆਰ.ਟੀ.ਜੀ.ਐਸ./ ਆਈ.ਐਫ਼.ਐਸ.ਸੀ.ਨੰਬਰ (N.I.F.T/ IFSC Code)- SBIN0001443

(4) ਫ਼ਾਊਂਡੇਸ਼ਨ ਦਾ PAN ਨੰਬਰ -AAABB0026D



**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ**

# ਕਮਰਿਆਂ ਦੀ ਬੁਕਿੰਗ

**ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।**

**ਮੋਬਾਇਲ ਨੰ:-73470-65188**

# ਭਗਤ ਧੰਨਾ ਜੀ



ਰਾਜਸਥਾਨ ਵਿਚ ਟੌਂਕ ਪਰਗਨੇ ਤੋਂ ਵੀਹ ਮੀਲ ਦੀ ਵਾਟ ਤੇ ਦਿਉਲੀ ਛਾਵਨੀ ਦੇ ਲਾਗੇ ਪਿੰਡ ਧੁਆਂ ਵਿਚ ਭਗਤ ਧੰਨਾ ਜੀ ਦਾ ਜਨਮ ਸੰਨ 1415 ਨੂੰ ਹੋਇਆ। ਪਿੰਡ ਵਿਚ ਜਦ ਵੀ ਕੋਈ ਸਾਧੂ ਮਹਾਤਮਾ ਆਉਂਦਾ ਤਾਂ ਆਪ ਸਭ ਤੋਂ ਅੱਗੇ ਬੈਠ ਕਥਾ ਵਾਰਤਾ ਸੁਣਦੇ ਤੇ ਫਿਰ ਸਾਧੂਆਂ ਨੂੰ ਘਰ ਲਿਆ ਸੇਵਾ ਕਰਦੇ। ਇਕ ਵਾਰੀ ਇਕ ਪੰਡਤ ਦੀ ਜਦ ਕਥਾ ਸੁਣੀ ਕਿ ਭਗਤ ਕਬੀਰ, ਭਗਤ ਨਾਮਦੇਵ ਅਤੇ ਰਵਿਦਾਸ ਜੀ ਤੇ ਸੈਣ ਨੇ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਕੀਤੇ ਹਨ ਤਾਂ ਇਨ੍ਹਾਂ ਦੇ ਮਨ ਵਿਚ ਵੀ ਚਾਅ ਉਠਿਆ ਕਿ ਉਹ ਵੀ ਵਾਹਿਗੁਰੂ ਦੀ ਹਜ਼ੂਰੀ ਦਾ ਆਨੰਦ ਮਾਨਣਗੇ। ਐਸੇ ਭਗਤੀ ਵਿਚ ਲੱਗੇ ਕਿ ਵਾਹਿਗੁਰੂ ਨੇ ਪ੍ਰਤੱਖ ਦਰਸ਼ਨ ਦਿੱਤੇ ਅਤੇ ਬੜੇ ਭਾਗਾਂ ਵਾਲੇ ਹੋਏ। ਗੁਰੂ ਅਰਜਨ ਦੇਵ ਜੀ ਨੇ ਗਵਾਹੀ ਭਰੀ ਹੈ :

**ਇਹਿ ਬਿਧਿ ਸੁਨਿ ਕੈ ਜਾਟਰੋ**
**ਉਠਿ ਭਗਤੀ ਲਾਗਾ ॥**
**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488**

ਭਗਤ ਧੰਨਾ ਜੀ ਆਪ ਵੀ ਲਿਖਦੇ ਹਨ ਕਿ ਹਰ ਥਾਂ ਵਿਆਪਕ ਪ੍ਰਭੂ ਦੀ ਜੋਤ ਜਦ ਅੰਦਰ ਹਿਰਦੇ ਵਿਚ ਟਿਕ ਗਈ ਤਾਂ ਉਹ ਪ੍ਰਭੂ ਜੋ ਹੱਥ ਆਉਣਾ ਮੁਸ਼ਕਿਲ ਲਗਦਾ ਹੀ ਛੇਤੀ ਮਿਲ ਗਿਆ। ਆਪਣਾ ਤਜ਼ਰਬਾ ਸਾਂਝਾ ਕਰਦੇ ਹੋਏ ਭਗਤ ਧੰਨਾ ਜੀ ਕਹਿੰਦੇ ਹਨ ਕਿ ਉਸ ਨੇ ਜਗਤ ਦਾ ਮਾਲਕ (ਧਰਣੀ ਧਰੁ) ਨੂੰ ਹੋਰ ਕਿਧਰੋਂ ਨਹੀਂ ਪਾਇਆ ਕੇਵਲ ਸੰਤ ਜਨਾਂ ਦੀ ਸੰਗਤ ਕੀਤੀ ਤੇ 'ਧਰਣੀ ਧਰੁ' ਪ੍ਰਾਪਤ ਕਰ ਲਿਆ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਆਸਾ ਰਾਗ ਦੇ ਦੂਜੇ ਸ਼ਬਦ ਵਿਚ ਭਗਤ ਧੰਨਾ ਜਾ ਕਹਿੰਦੇ ਹਨ ਕਿ ਜੇ ਸਾਰੀ ਧਰਤੀ ਦਾ ਵੀ ਕੋਈ ਮਾਲਕ ਬਣ ਜਾਏ ਤਾਂ ਵੀ ਉਸ ਦੀ ਮਰਜ਼ੀ ਨਹੀਂ ਚਲਣੀ। ਹੋਣਾ ਉਹ ਕੁਝ ਹੀ ਹੈ ਜੋ ਵਾਹਿਗੁਰੂ ਨੂੰ ਭਾਵੇ।

**ਜੇ ਧਾਵਹਿ ਬ੍ਰਹਮੰਡ ਖੰਡ ਕਉ**
**ਕਰਤਾ ਕਰੈ ਸੁ ਹੋਈ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488**

**ਸਮਝਾਂਦੇ** : ਰੋਜ਼ੀ ਦਾ ਫਿਕਰ ਛੱਡ ਕਿਉਂਕਿ ਰੋਜ਼ੀ ਰੋਟੀ ਦਾ ਪ੍ਰਬੰਧ ਤਾਂ ਵਾਹਿਗੁਰੂ ਨੇ ਉਸ ਵੇਲੇ ਵੀ ਕੀਤਾ ਜਦ ਤੂੰ ਮਾਂ ਦੇ ਉਦਰ ਵਿਚ ਸੀ। ਪੱਥਰ ਪਏ ਕੀੜੇ ਨੂੰ ਜਿਸ ਦਾ ਕੋਈ ਦਰਵਾਜ਼ਾ ਤੱਕ ਨਹੀਂ ਹੁੰਦਾ, ਉਹ ਰੋਜ਼ੀ ਪਹੁੰਚਾਉਂਦਾ ਹੈ। ਤੂੰ ਕਿਉਂ ਤੌਖਲਾ ਕਰਦਾ ਹੈਂ। ਤੇਰੇ ਲਈ ਇਕ ਹੀ ਬਣ ਆਉਂਦਾ ਹੈ ਕਿ ਉਸ ਦੀ ਯਾਦ ਹਿਰਦੇ ਸੰਭਾਲ।

**ਪਾਖਣਿ ਕੀਟੁ ਗੁਪਤੁ ਹੋਇ ਰਹਤਾ**
**ਤਾ ਚੋ ਮਾਰਗੁ ਨਾਹੀ ॥**
**ਕਹੈ ਧੰਨਾ ਪੂਰਨ ਤਾਹੂ ਕੋ**
**ਮਤ ਰੇ ਜੀਅ ਡਰਾਂਹੀ ॥**

**- ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 488**

ਸਾਡੇ ਇਤਿਹਾਸ ਮੁਤਾਬਕ ਭਗਤ ਧੰਨਾ ਜੀ ਦੀ ਮੁਲਾਕਾਤ ਗੁਰੂ ਨਾਨਕ ਦੇਵ ਜੀ ਨਾਲ ਪਹਿਲੀ ਉਦਾਸੀ ਸਮੇਂ ਪਿੰਡ ਧੂਆਂ ਵਿਚ ਹੀ ਹੋਈ ਸੀ।

ਆਪ ਜੀ ਦੇ ਆਸਾ ਰਾਗ ਵਿਚ ਦੋ ਤੇ ਧਨਾਸਰੀ ਰਾਗ ਵਿਚ ਇਕ ਸ਼ਬਦ ਦਰਜ ਹੈ ਜਿਸ ਵਿਚ ਗ੍ਰਹਿਸਤ ਜੀਵਨ ਸੁਖੀ ਗੁਜਾਰਨ ਲਈ ਜਿਥੇ ਹੋਰ ਨਿਤ ਦੀਆਂ ਲੋੜਾਂ ਦਾ ਹੋਣਾ ਜ਼ਰੂਰੀ ਦੱਸੀਆਂ ਹਨ ਉਥੇ ਘਰ ਵਾਲੀ ਦਾ ਚੰਗਾ ਹੋਣਾ ਲਾਜ਼ਮੀ ਕਹਿਆ ਹੈ।

ਗੁਰੂ ਅਰਜਨ ਦੇਵ ਜੀ ਨੇ ਭਗਤ ਧੰਨਾ ਜੀ ਦੀ ਕਾਮਯਾਬੀ ਦਾ ਰਾਜ਼ ਚਤੁਰਾਈ ਛਡ 'ਸੇਵਿਆ ਬਾਲ ਬੁਧਿ' ਦਸਿਆ ਹੈ ਅਤੇ ਭਾਈ ਗੁਰਦਾਸ ਜੀ ਨੇ 'ਭੋਲਾ ਭਾਉ ਗੋਬਿੰਦ ਮਿਲਾਵੈ' ਦੀ ਗਵਾਹੀ ਭਰੀ ਹੈ।

ਜਿਥੇ ਭਗਤ ਧੰਨਾ ਜੱਟ ਹੋਣ ਨਾਤੇ ਵਾਹੀ ਕਰਦੇ ਸਨ ਸਦੀਆਂ ਗੁਜ਼ਰਨ ਬਾਅਦ ਅੱਜ ਵੀ ਲੋਕੀਂ ਉਸ ਖੇਤ ਨੂੰ 'ਧੰਨੇ ਭਗਤ ਕਾ ਖੇਤ' ਕਹਿ ਕੇ ਨਮਸਕਾਰ ਕਰਦੇ ਹਨ।

**ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ॥**

# ਜੀਵਨ ਵਿਕਾਸ - ਇਕ ਸੰਘਰਸ਼

**ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)**

## ਗੁਰੂ ਨਾਨਕ ਪ੍ਰੇਮ ਕਰਮਸਰ ਕਾਲਜ, ਨਡਾਲਾ

ਦਾਸ ਨੇ ਡੈਪੂਟੇਸ਼ ਦੇ ਇਨ੍ਹਾਂ ਤਿੰਨਾਂ ਸਾਲਾਂ ਵਿੱਚ ਕਾਲਜ ਨੂੰ ਸਮਰਪਿਤ ਭਾਵਨਾਂ ਨਾਲ ਸੇਵਾ ਨਿਭਾਈ। ਰਿਹਾਇਸ਼ ਕਾਲਜ ਕੰਪਲੈਕਸ ਵਿੱਚ ਹੋਣ ਕਰਕੇ ਮੇਰੇ ਲਈ ਦਿਨ ਰਾਤ ਇਕ ਸਮਾਨ ਸਨ। ਸਵੇਰ ਦੀ ਸੈਰ ਵੀ ਕਾਲਜ ਗਰਾਊਂਡ ਵਿੱਚ ਕੀਤੀ ਜਾਂਦੀ ਅਤੇ ਰਾਤ ਨੂੰ ਬੱਤੀਆਂ ਚੈੱਕ ਕਰਨ ਲਈ ਵੀ ਕੰਪਲੈਕਸ ਦਾ ਚੱਕਰ ਲੱਗ ਜਾਂਦਾ। ਸਵੇਰੇ ਕਾਲਜ ਦੀ ਘੰਟੀ ਵੱਜਣ ਨਾਲ ਹੀ ਦਫਤਰ ਪਹੁੰਚ ਜਾਂਦਾ। ਇਕ ਦੋ ਪੀਰੀਅਡਾਂ ਲਈ ਸੀਨੀਅਰ ਕਲਾਸਾਂ ਨੂੰ ਗਣਿਤ ਵੀ ਪੜ੍ਹਾਉਂਦਾ। ਵਰਕਿੰਗ ਦਿਨਾਂ ਵਿੱਚ ਥੋੜ੍ਹੀ ਕੀਤੇ ਕਾਲਜ ਛੱਡ ਕੇ ਬਾਹਰ ਜਾਣ ਤੋਂ ਗੁਰੇਜ਼ ਕਰਦਾ ਸਾਂ। ਵਿਦਿਆਰਥੀਆਂ ਦੀਆਂ ਛੋਟੀਆਂ ਮੋਟੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਨੂੰ ਬਿਨਾਂ ਦੇਰੀ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ। ਕਾਲਜ ਸਟਾਫ ਨੇ ਵੀ ਹਮੇਸ਼ਾਂ ਪੂਰਨ ਸਹਿਯੋਗ ਦਿੱਤਾ। ਸਾਰੇ ਵਿਭਾਗਾਂ ਦੀ ਟੀਚਿੰਗ ਪ੍ਰਤੀ ਰਿਪੋਰਟ ਹਮੇਸ਼ਾਂ ਤਸੱਲੀਬਖਸ਼ ਰਹੀ। ਕਾਲਜ ਮੈਨੇਜਿੰਗ ਕਮੇਟੀ ਅਧਿਕਾਰੀਆਂ ਵੱਲੋਂ ਵੀ ਕੋਈ ਦਖਲ ਅੰਦਾਜ਼ੀ ਨਹੀਂ ਸੀ ਕੀਤੀ ਜਾਂਦੀ।

ਸਾਰਿਆਂ ਵੱਲੋਂ ਤਿੰਨ੍ਹਾਂ ਸਾਲਾਂ ਵਿੱਚ ਇਸ ਪ੍ਰਕਾਰ ਨਿਭਾਈ ਗਈ ਭੂਮਿਕਾ ਦੇ ਬੜੇ ਚੰਗੇ ਸਿੱਟੇ ਨਿਕਲ ਜੋ ਜਗ ਜ਼ਾਹਿਰ ਹੋਏ। ਸਾਰਿਆਂ ਬਾਰੇ ਏਥੇ ਦੱਸਣਾ ਸੰਭਵ ਨਹੀਂ। ਇਸ ਦੌਰਾਨ ਦੀਆਂ ਕੁਝ ਗਤੀਵਿਧੀਆਂ ਕਾਲਜ ਲਈ ਮਾਣ ਵਾਲੀ ਗਲ ਸੀ।

1. **ਗੁਰਪੁਰਬ ਮਨਾਉਣਾ**: ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਨਵੰਬਰ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਰਿਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਅਤੇ ਸ਼ਬਦ ਕੀਰਤਨ ਉਪਰੰਤ ਗੁਰੂ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਂਦਾ ਸੀ। ਰਾਤ ਨੂੰ ਕਾਲਜ ਕੰਪਲੈਕਸ ਵਿੱਚ ਦੀਪ ਮਾਲਾ ਕੀਤੀ ਜਾਂਦੀ। ਇਸ ਤੋਂ ਪਹਿਲਾਂ ਇਲਾਕੇ ਦੇ ਹਾਈ ਸਕੂਲਾਂ ਦਾ ਕਬੱਡੀ ਅਤੇ ਵਾਲੀ ਬਾਲ ਦਾ ਗੁਰਪੁਰਬ ਟੂਰਨਾਮੈਂਟ ਕਰਵਾਇਆ ਜਾਂਦਾ। ਦੋ ਰੰਨਿੰਗ ਸ਼ੀਲਡਾਂ ਨਡਾਲਾ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਅਤੇ ਰਾਮਗੜ੍ਹੀਆ ਗੁਰਦੁਆਰਾ ਸਾਹਿਬ ਵੱਲੋਂ ਪ੍ਰਦਾਨ ਕੀਤੀਆਂ ਗਈਆਂ ਸਨ।

2. **ਕਾਲਜ ਮੈਗਜ਼ੀਨ ਚਾਤ੍ਰਿਕ** : ਕਾਲਜ ਮੈਗਜ਼ੀਨ ਚਾਤ੍ਰਿਕ ਦਾ ਉਦਘਾਟਨ 1971-72 ਦੇ ਇਨਾਮ ਵੰਡ ਸਮਾਗਮ ਵੇਲੇ 26 ਮਾਰਚ, 1972 ਨੂੰ ਮੁੱਖ ਮਹਿਮਾਨ ਡਾ. ਜਗਤਾਰ ਸਿੰਘ ਗਰੇਵਾਲ, ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕੀਤਾ ਗਿਆ। ਇਸ ਪਰਚੇ ਦੇ ਨਾਂ ਦੀ ਚੋਣ ਬੜੀ ਆਕਰਸ਼ਕ ਅਤੇ ਢੁੱਕਵੀਂ ਹੈ। ਵਿਦਿਆਰਥੀ ਵੀ ਇਕ ਚਾਤ੍ਰਿਕ ਦੀ ਨਿਆਈਂ ਵਿਦਿਆ ਰੂਪੀ ਸਵਾਂਤ ਬੂੰਦ ਕਾਲਜ ਵਿੱਚੋਂ ਪ੍ਰਾਪਤ ਕਰਕੇ ਆਪਣੀ ਗਿਆਨ ਪਿਆਸ ਨੂੰ ਤ੍ਰਿਪਤ ਕਰਦਾ ਹੈ। ਉਹ ਕੁਝ ਪੜ੍ਹ ਲਿਖ ਕੇ ਹੀ ਆਪਣੀ ਸ਼ਖ਼ਸੀਅਤ, ਪ੍ਰਤਿਭਾ ਅਤੇ ਗਿਆਨ ਨੂੰ ਵਿਗਸਾ ਸਕਦਾ ਹੈ। ਇਸ ਅਵਸਰ ਤੇ ਸ਼ੁਭ ਇਛਾਵਾਂ ਭੇਜਣ ਵਾਲਿਆਂ ਵਿੱਚ ਰਾਸ਼ਟਰਪਤੀ ਵੀ.ਵੀ. ਗਿਰੀ, ਵਿਦੇਸ਼ ਮੰਤਰੀ ਸ. ਸਵਰਨ ਸਿੰਘ, ਗਵਰਨਰ ਪੰਜਾਬ ਡੀ.ਸੀ. ਪਾਵਟੇ, ਸਿੱਖਿਆ ਸੈਕਟਰੀ ਪੀ.ਐਚ.ਵੈਸ਼ਨਵ, ਸ. ਬਿਸਨ ਸਿੰਘ ਸਮੁੰਦਰੀ ਉਪ ਕੁਲਪਤੀ ਅਤੇ ਭਰਪੂਰ ਸਿੰਘ ਰਜਿਸਟਰਾਰ ਦੇ ਨਾਮ ਵਰਨਣਯੋਗ ਹਨ।


3. **ਯੂ.ਜੀ.ਸੀ. ਅਤੇ ਸਰਕਾਰੀ ਗਰਾਂਟਾਂ** : ਇਹ ਬੜੇ ਮਾਣ ਵਾਲੀ ਗੱਲ ਸੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਵੇਂ ਖੁੱਲ੍ਹੇ ਕਾਲਜਾਂ ਵਿੱਚੋਂ ਇਹ ਇੱਕੋ ਇਕ ਕਾਲਜ ਸੀ ਜੋ ਮਾਰਚ, 1972 ਤੱਕ ਯੂਨੀਵਰਸਿਟੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਉਪਰੰਤ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀ ਦੋ ਐਫ ਲਿਸਟ ਤੇ ਰੱਖਿਆ ਗਿਆ ਸੀ ਅਤੇ ਉਸੇ ਸਾਲ ਤੋਂ ਪੰਜਾਬ ਸਰਕਾਰ ਦੀ ਮੇਂਟੀਨੈਂਸ ਗਰਾਂਟ ਵੀ ਮਿਲਣੀ ਸ਼ੁਰੂ ਹੋ ਗਈ। 1973 ਦੇ ਇਨਾਮ ਵੰਡ ਸਮਾਗਮ ਤੇ ਮੁੱਖ ਮਹਿਮਾਨ ਸ. ਉਮਰਾਓ ਸਿੰਘ ਸਿੱਖਿਆ ਮੰਤਰੀ ਪੰਜਾਬ ਤੀਹ ਹਜ਼ਾਰ ਰੁਪਏ ਗਰਾਂਟ ਵਜੋਂ ਕਾਲਜ ਨੂੰ ਦੇ ਗਏ ਸਨ।

**ਸਟੇਡੀਅਮ ਗਰਾਂਟ** : ਪੰਜਾਬ ਸਰਕਾਰ ਵੱਲੋਂ ਕਾਲਜ ਦੇ ਕੈਂਪਸ ਵਿਖੇ ਖੇਡ ਸਟੇਡੀਅਮ ਦੀ ਉਸਾਰੀ ਲਈ ਢਾਈ ਲੱਖ ਰੁਪਏ ਦੀ ਗਰਾਂਟ ਵੀ ਮਨਜ਼ੂਰ ਕੀਤੀ ਗਈ। ਜਿਸ ਨਾਲ ਇਲਾਕੇ ਵਿੱਚ ਖੇਡਾਂ ਨੂੰ ਬੜਾ ਉਤਸ਼ਾਹ ਮਿਲੇਗਾ।

4. **ਯੂਨੀਵਰਸਿਟੀ ਇਮਤਿਹਾਨਾਂ ਦੇ ਰਿਜ਼ਲਟ** : ਇਨ੍ਹਾਂ ਇਮਤਹਾਨਾਂ ਵਿੱਚ ਸ਼ੁਰੂ ਤੋਂ ਹੀ ਕਾਲਜ ਵਿਦਿਆਰਥੀ ਮੱਲਾਂ ਮਾਰਦੇ ਰਹੇ। ਪਹਿਲੇ ਸਾਲ ਹੀ ਦੋ ਵਿਦਿਆਰਥੀ ਇਕ ਇਮਤਿਹਾਨ ਦੀ ਮੈਰਿਟ ਲਿਸਟ ਤੇ ਆ ਗਏ ਸਨ।

**(ਚਲਦਾ)**

# ਪੰਜਾਬ ਦਾ ਇਤਿਹਾਸ - 5




## ਅਕਾਲੀ ਲਹਿਰ

ਅਕਾਲੀ ਲਹਿਰ - ਗੁਰਦੁਆਰਿਆਂ ਅਤੇ ਉਨ੍ਹਾਂ ਦੀ ਜਾਇਦਾਦ ਦੀ ਮਹੰਤਾਂ ਹੱਥੋਂ ਦੁਰਵਰਤੋਂ ਦੇ ਖਿਲਾਫ਼ ਅਕਾਲੀਆਂ ਨੇ ਜ਼ੋਰਦਾਰ ਆਵਾਜ਼ ਉਠਾਈ ਪਰ ਮਹੰਤ ਆਪਣੀਆਂ ਕਾਰਵਾਈਆਂ ਤੋਂ ਬਾਜ਼ ਨਹੀਂ ਆਏ।

ਨਨਕਾਣਾ ਸਾਹਿਬ ਦਾ ਉਦਾਸੀ ਮਹੰਤ ਨਰਾਇਣ ਦਾਸ ਗੁਰਦੁਆਰੇ ਦੀ ਹੱਦ ਦੇ ਅੰਦਰ ਵੇਸਵਾਵਾਂ ਦਾ ਨਾਚ ਕਰਾਉਂਦਾ ਸੀ ਅਤੇ ਹਰ ਕਿਸਮ ਦੀਆਂ ਬਦਇਖਲਾਕੀ ਹਰਕਤਾਂ ਕਰਦਾ ਸੀ। ਉਸ ਨੂੰ ਤਾੜਨਾ ਕਰਨ ਉੱਤੇ ਰੁਕਣ ਦੀ ਥਾਂ ਉਸ ਨੇ ਅਕਾਲੀਆਂ ਦਾ ਮੁਕਾਬਲਾ ਕਰਨ ਲਈ 400 ਗੁੰਡੇ ਰੱਖ ਲਏ। ਲਛਮਣ ਸਿੰਘ ਦੀ ਅਗਵਾਈ ਹੇਠ 130 ਆਦਮੀਆਂ ਦਾ ਜਥਾ ਜੋ 20 ਫਰਵਰੀ, 1921 ਨੂੰ ਸਵੇਰੇ ਗੁਰਦੁਆਰੇ ਵਿਚ ਦਾਖਲ ਹੋਇਆ ਸੀ, ਨੂੰ ਮਹੰਤ ਦੇ ਗੁੰਡਿਆਂ ਨੇ ਮਾਰ ਕੇ ਅੱਗ ਵਿਚ ਸਾੜ ਦਿੱਤਾ। ਇਹ ਅੰਗਰੇਜ਼ੀ ਰਾਜ ਦੇ ਇਨਸਾਫ਼ ਦੀ ਇਕ ਅਫ਼ਸੋਸਨਾਕ ਉਦਾਹਰਣ ਸੀ ਕਿ 130 ਆਦਮੀਆਂ ਦੇ ਕਤਲ ਲਈ ਮਹੰਤ ਨੂੰ ਕੇਵਲ ਕਾਲੇਪਾਣੀ ਦੀ ਸਜ਼ਾ ਅਤੇ ਤਿੰਨ ਆਦਮੀਆਂ ਨੂੰ ਫਾਂਸ਼ੀ ਦੀ ਸਜ਼ਾ ਮਿਲੀ। ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਅਕਾਲੀਆਂ ਦੇ ਸਪੁਰਦ ਕਰ ਦਿੱਤਾ ਗਿਆ।

**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**



ਅਕਾਲੀ ਲਹਿਰ ਵਿਚ ‘ਗੁਰੂ ਕਾ ਬਾਗ’ ਦਾ ਮੋਰਚਾ ਇਕ ਮਹੱਤਵਪੂਰਨ ਘਟਨਾ ਸੀ। ‘ਗੁਰੂ ਕਾ ਬਾਗ’ ਨਾਂ ਦੇ ਬਾਗ ਵਿਚ ਜਿਥੋਂ ਗੁਰੂ ਦੇ ਲੰਗਰ ਲਈ ਲੱਕੜੀਆਂ ਕੱਟ ਕੇ ਲਿਜਾਈਆਂ ਜਾਂਦੀਆਂ ਸਨ, ਇਕ ਛੋਟਾ ਜਿਹਾ ਗੁਰਦੁਆਰਾ ਸੀ। ਗੁਰਦੁਆਰਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਪਰ ਬਾਗ਼ ਮਹੰਤਾਂ ਦੇ ਕਬਜ਼ੇ ਵਿਚ ਸੀ। ਮਹੰਤ ਦੀ ਸ਼ਿਕਾਇਤ ਤੇ ਬਾਗ ਵਿਚੋਂ ਲੰਗਰ ਲਈ ਲੱਕੜੀਆਂ ਕੱਟਣ ਗਏ ਪੰਜ ਸਿੱਖਾਂ ਨੂੰ 9 ਅਗਸਤ, 1922 ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਇਸ ਗ੍ਰਿਫ਼ਤਾਰੀ ਵਿਰੁੱਧ ਅਤੇ ਬਾਗ ਉੱਤੇ ਅਕਾਲੀਆਂ ਦਾ ਅਧਿਕਾਰ ਹੋਣ ਦੇ ਮਸਲੇ ਸਬੰਧੀ ਅਕਾਲੀਆਂ ਨੇ ਮੋਰਚਾ ਲਾ ਦਿੱਤਾ। ਪੁਲਿਸ ਅਕਾਲੀ ਜੱਥਿਆਂ ਨੂੰ ਰੋਕਦੀ ਅਤੇ ਕੁਟਦੀ ਮਾਰਦੀ ਪਰ ਅਕਾਲੀ ਸ਼ਾਂਤਮਈ ਰਹਿ ਕੇ ਸਰਕਾਰ ਵੱਲੋਂ ਦਿੱਤੇ ਜਾ ਰਹੇ ਤਸੀਹੇ ਝਲਦੇ ਰਹੇ।

ਇਕ ਅੰਗਰੇਜ਼ ਇਸਾਈ ਮਿਸ਼ਨਰੀ ਸੀ.ਐਫ.ਐਡ. ਰੀਓਜ਼ ਦੇ ਦਖਲ ਦੇਣ ਤੇ ਸਿੱਖਾਂ ਵਿਰੁੱਧ ਕੀਤਾ ਜਾ ਰਿਹਾ ਤਸ਼ੱਦਦ 13 ਸਤੰਬਰ, 1922 ਨੂੰ ਰੋਕ ਦਿੱਤਾ ਗਿਆ। ਪੁਲਿਸ ਦੇ ਤਸ਼ੱਦਦ ਦੌਰਾਨ 5605 ਅਕਾਲੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਸਖ਼ਤ ਸੱਟਾਂ ਵੱਜਣ ਕਾਰਨ 936 ਨੂੰ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਗ੍ਰਿਫ਼ਤਾਰ ਹੋਏ ਅਕਾਲੀਆਂ ਨੂੰ ਮਈ, 1923 ਵਿਚ ਰਿਹਾਅ ਕੀਤਾ ਗਿਆ। 17 ਅਕਤੂਬਰ, 1923 ਨੂੰ ਬਾਗ਼ ਦਾ ਕਬਜ਼ਾ ਮਹੰਤ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕਰ ਦਿੱਤਾ ਗਿਆ।

‘ਜੈਤੋ ਦਾ ਮੋਰਚਾ’ ਵੀ ਅਕਾਲੀਆਂ ਦੀ ਤਸੀਹੇ ਝੱਲਣ ਦੀ ਸਮਰੱਥਾ ਦਾ ਪ੍ਰਤੀਕ ਹੈ। ਪਟਿਆਲਾ ਅਤੇ ਨਾਭਾ ਦੇ ਰਾਜਿਆਂ ਵਿਚਕਾਰ ਕੁਝ ਆਪਸੀ ਵਿਵਾਦ ਕਾਰਣ ਨਾਭਾ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਅੰਗਰੇਜ਼ ਸਰਕਾਰ ਨੇ ਗੱਦੀ ਤੋਂ ਉਤਾਰ ਦਿੱਤਾ। ਸਰਕਾਰ ਦੀ ਇਸ ਕਾਰਵਾਈ ਵਿਰੁੱਧ ਰੋਸ ਪ੍ਰਗਟ ਕਰਨ ਲਈ ਅਕਾਲੀਆਂ ਨੇ ਕਈ ਗੁਰਦੁਆਰਿਆਂ ਵਿਚ ਅਖੰਡ ਪਾਠਾਂ ਦਾ

ਪ੍ਰਬੰਧ ਕੀਤਾ। ਨਾਭਾ ਰਾਜ ਦੇ ਜੈਤੋ ਨਗਰ ਦੇ ਗੁਰਦੁਆਰਾ ਗੰਗਸਰ ਵਿਖੇ ਕੀਤੇ ਜਾ ਰਹੇ ਅਖੰਡ ਪਾਠ ਨੂੰ ਪੁਲਿਸ ਨੇ ਰੋਕ ਦਿੱਤਾ। ਇਸ ਵਿਰੁੱਧ ਅਕਾਲੀਆਂ ਨੇ ਮੋਰਚਾ ਲਾ ਦਿੱਤਾ। ਜਿਉਂ-ਜਿਉਂ ਪੁਲਿਸ ਸਿੱਖ ਜੱਥਿਆਂ ਨੂੰ ਗੁਰਦੁਆਰੇ ਤੱਕ ਪੁੱਜਣ ਤੋਂ ਰੋਕਦੀ ਗਈ ਜੱਥੇ ਵੱਡੇ ਤੋਂ ਵੱਡੇ ਹੁੰਦੇ ਗਏ। 25 ਤੋਂ 100 ਅਤੇ ਪਿੱਛੋਂ 500 ਤੱਕ ਗਿਣਤੀ ਹੁੰਦੀ ਗਈ। ਪੰਡਿਤ ਜਵਾਹਰ ਲਾਲ ਨਹਿਰੂ ਨੂੰ ਹਾਲਾਤ ਦਾ ਜਾਇਜ਼ਾ ਲੈਣ ਲਈ ਆਪਣੇ ਸਾਥੀਆਂ ਸਮੇਤ ਨਾਭਾ ਸਟੇਟ ਵਿਚ ਦਾਖਲ ਹੋਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਪਿੱਛੋਂ ਕੁਝ ਦਿਨਾਂ ਬਾਅਦ ਰਿਹਾਅ ਕਰ ਦਿੱਤਾ ਗਿਆ। ਮੋਰਚਾ ਖਤਮ ਹੋਣ ਤੇ ਅਕਾਲੀਆਂ ਨੇ 101 ਅਖੰਡ ਪਾਠਾਂ ਦੀ (6 ਅਗਸਤ, 1925 ਨੂੰ) ਸਮਾਪਤੀ ਕੀਤੀ। ਇਸ ਮੋਰਚੇ ਸਮੇਂ ਸਰਕਾਰ ਨੇ ਅਕਾਲੀ ਜੱਥਿਆਂ ਉੱਤੇ ਸਖ਼ਤ ਵਧੀਕੀਆਂ ਕੀਤੀਆਂ।

## ਬੱਬਰ ਲਹਿਰ

**ਬੱਬਰ ਲਹਿਰ** - ਗਦਰ ਲਹਿਰ ਨੂੰ ਦਬਾਉਣ ਲਈ ਪੰਜਾਬੀਆਂ ਅੰਦਰ ਖਾੜਕੂਵਾਦ ਆਰਜ਼ੀ ਤੌਰ ਤੇ ਦੱਬ ਗਿਆ ਪਰ ਉਨ੍ਹਾਂ ਪੰਜਾਬੀਆਂ ਵਿਚੋਂ ਕੁਝ ਬੱਬਰ ਅਕਾਲੀਆਂ ਦੇ ਰੂਪ ਵਿਚ ਫਿਰ ਜਥੇਬੰਦ ਹੋ ਗਏ। ਇਨ੍ਹਾਂ ਦੀਆਂ ਕਾਰਵਾਈਆਂ ਮੁੱਖ ਰੂਪ ਵਿਚ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਤੱਕ ਹੀ ਸੀਮਿਤ ਰਹੀਆਂ। ਬੱਬਰ ਲਹਿਰ ਦੇ ਆਗੂ ਅੰਗਰੇਜ਼ ਅਫ਼ਸਰਸ਼ਾਹੀ ਦੇ ਹਮਾਇਤੀਆਂ ਜ਼ੈਲਦਾਰ, ਸਫ਼ੈਦਪੋਸ਼ਾਂ, ਨੰਬਰਦਾਰਾਂ, ਪਟਵਾਰੀਆਂ ਅਤੇ ਪੁਲਿਸ ਮੁਖ਼ਬਰਾਂ ਨੂੰ ਖਤਮ ਕਰਨਾ ਚਾਹੁੰਦੇ ਸਨ। ਜ਼ਿਲ੍ਹਾ ਜਲੰਧਰ ਦੇ ਪਿੰਡ ਬੜਿੰਗ ਦਾ ਵਸਨੀਕ ਅਤੇ ਫੌਜ ਦਾ ਰਿਟਾਇਰਡ ਹਵਲਦਾਰ ਮੇਜਰ ਕਿਸ਼ਨ ਸਿੰਘ ਇਸ ਲਹਿਰ ਦਾ ਮੋਢੀ ਸੀ। ਉਹ ਆਪਣੇ ਭਾਸ਼ਣਾਂ ਦੁਆਰਾ ਅਹਿੰਸਾ ਦਾ ਰਾਹ ਤਿਆਗ ਕੇ ਹਿੰਸਾ ਦਾ ਰਾਹ ਧਾਰਨ ਕਰਨ ਦਾ ਪ੍ਰਚਾਰ ਕਰਦਾ ਸੀ। ਬੱਬਰਾਂ ਨੇ ਕਈ ਸਰਕਾਰੀ ਟੋਡੀਆਂ ਨੂੰ ਮਾਰ ਮੁਕਾਇਆ ਪਰ ਉਨ੍ਹਾਂ ਦਾ ਇਹ ਰਸਤਾ ਖਤਰਿਆਂ ਤੋਂ ਖਾਲੀ ਨਹੀਂ ਸੀ। ਮੁੱਠੀ ਭਰ ਬੱਬਰ ਪੁਲਿਸ ਦਾ ਮੁਕਾਬਲਾ ਨਹੀਂ ਸੀ ਕਰ ਸਕਦੇ। 25 ਅਕਤੂਬਰ, 1923 ਨੂੰ ਇਕ ਮਸ਼ਹੂਰ ਬੱਬਰ ਧੰਨਾ ਸਿੰਘ ਨੂੰ ਫੜਨ ਦੀ ਕੋਸ਼ਿਸ਼ ਵਿਚ ਪੰਜ ਪੁਲਿਸ ਕਰਮਚਾਰੀ ਮਾਰੇ ਗਏ ਜਿਨ੍ਹਾਂ ਵਿਚ ਹੁਸ਼ਿਆਰਪੁਰ ਦਾ ਪੁਲਿਸ ਮੁਖੀ ਏ.ਐਫ. ਹੌਰਟਨ ਵੀ ਸ਼ਾਮਲ ਸੀ। ਸਹਾਇਕ ਪੁਲਿਸ ਮੁਖੀ ਜੈਕਨਜ਼ ਜ਼ਖ਼ਮੀ ਹੋ ਗਿਆ ਸੀ। ਧੰਨਾ ਸਿੰਘ ਨੇ ਇਕ ਸ਼ਕਤੀਸ਼ਾਲੀ ਬੰਬ ਚਲਾ ਕੇ ਇਨ੍ਹਾਂ ਪੁਲਿਸ ਅਫ਼ਸਰਾਂ ਅਤੇ ਸਿਪਾਹੀਆਂ ਨੂੰ ਮਾਰ ਦਿੱਤਾ ਸੀ।

ਮਧ-ਜੂਨ, 1924 ਤੱਕ ਬਹੁਤ ਸਾਰੇ ਬੱਬਰ ਆਗੂ ਜਾਂ ਮਾਰੇ ਗਏ ਸਨ ਜਾਂ ਕੈਦੀ ਬਣਾ ਲਏ ਗਏ ਸਨ। 62 ਬੱਬਰਾਂ ਉੱਤੇ ਮੁਕੱਦਮੇ ਚਲਾਏ ਗਏ ਜਿਨ੍ਹਾਂ ਵਿਚੋਂ ਕਿਸ਼ਨ ਸਿੰਘ ਸਮੇਤ ਛੇ ਬੱਬਰਾਂ ਨੂੰ ਫਾਂਸ਼ੀ ਲਾ ਦਿੱਤਾ ਗਿਆ ਸੀ ਅਤੇ ਬਾਕੀਆਂ ਵਿਚੋਂ ਬਹੁਤਿਆਂ ਨੂੰ ਵੱਖ-ਵੱਖ ਸਜ਼ਾਵਾਂ ਦਿੱਤੀਆਂ ਗਈਆਂ।

## ਨੌਜਵਾਨ ਭਾਰਤ ਸਭਾ

**ਨੌਜਵਾਨ ਭਾਰਤ ਸਭਾ** - ਇਹ ਸਭਾ ਨਵੰਬਰ, 1924 ਵਿਚ ਬਣਾਈ ਗਈ ਸੀ ਜਿਸ ਦਾ ਮਨੋਰਥ ਹਿੰਸਾ ਦੁਆਰਾ ਭਾਰਤ ਨੂੰ ਆਜ਼ਾਦ ਕਰਵਾਉਣਾ ਸੀ। ਇਨ੍ਹਾਂ ਇਨਕਲਾਬੀਆਂ ਨੇ ਸਰਬ-ਸੰਮਤੀ ਨਾਲ ਚੰਦਰ ਸ਼ੇਖਰ ਆਜ਼ਾਦ ਨੂੰ ਇਸ ਸਭਾ ਦਾ ਪ੍ਰਧਾਨ ਬਣਾਇਆ ਸੀ। ਸ. ਭਗਤ ਸਿੰਘ (ਸ਼ਹੀਦ) (1907-1931) ਦੇ ਸੁਝਾਅ ਤੇ ਇਸ ਜਥੇਬੰਦੀ ਦਾ ਨਾਂ ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਆਰਮੀ ਰੱਖਿਆ ਗਿਆ। ਇਹ ਆਪ ਹੀ ਬੰਬ ਬਣਾ ਲੈਂਦੇ ਅਤੇ ਹਥਿਆਰ ਪ੍ਰਾਪਤ ਕਰਨ ਦਾ ਪ੍ਰਬੰਧ ਕਰ ਲੈਂਦੇ ਸਨ। ਇਨ੍ਹਾਂ ਨੇ ਭੁਲੇਖੇ ਨਾਲ ਲਾਹੌਰ ਦੇ ਪੁਲਿਸ ਮਖੀ ਸਕਾੱਟ ਦੀ ਥਾਂ ਸਹਾਇਕ ਪੁਲਿਸ ਮੁਖੀ ਸਾਂਡਰਸ ਨੂੰ ਮਾਰ ਦਿੱਤਾ।

8 ਅਪ੍ਰੈਲ, 1929 ਨੂੰ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਦਿੱਲੀ ਵਿਚ ਕੇਂਦਰੀ ਅਸੈਂਬਲੀ ਵਿਚ ਬੰਬ ਸੁੱਟਿਆ ਅਤੇ ਨਾਲ ਹੀ ਕੁਝ ਇਸ਼ਤਿਹਾਰ ਸੁੱਟੇ ਜਿਸ ਵਿਚ ਅੰਗਰੇਜ਼ਾਂ ਦੇ ਭਾਰਤੀਆਂ ਪ੍ਰਤੀ ਰਵੱਈਏ ਦੀ ਨਿਖੇਧੀ ਕੀਤੀ ਸੀ ਅਤੇ ਲਾਲਾ ਲਾਜਪਤ ਰਾਏ ਦੇ ਕਤਲ ਨੂੰ ਘਿਰਣਾਜਨਕ ਅਪਰਾਧ ਕਿਹਾ ਗਿਆ ਸੀ। ਇਨ੍ਹਾਂ ਨੇ ਅਸੈਂਬਲੀ ਵਿਚ ਇਨਕਲਾਬ ਜ਼ਿੰਦਾਬਾਦ ਦਾ ਨਾਹਰਾ ਲਾਇਆ। ਲਾਹੌਰ ਸਾਜ਼ਿਸ਼ ਅਤੇ ਸੈਂਟਰਲ ਅਸੈਂਬਲੀ ਬੰਬ ਕੇਸ ਵਿਚ ਭਗਤ ਸਿੰਘ ਅਤੇ ਲਗਭਗ 19 ਹੋਰ ਆਦਮੀਆਂ ਤੇ ਕੇਸ ਚਲਾਇਆ ਗਿਆ ਜਿਨ੍ਹਾਂ ਵਿਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸ਼ੀ ਦਾ ਹੁਕਮ ਸੁਣਾਇਆ ਗਿਆ ਅਤੇ 23 ਮਾਰਚ, 1931 ਦੀ ਸ਼ਾਮ ਨੂੰ ਲਾਹੌਰ ਵਿਚ ਉਨ੍ਹਾਂ ਨੂੰ ਫਾਂਸ਼ੀ ਲਾ ਕੇ ਫ਼ਿਰੋਜ਼ਪੁਰ ਦੇ ਨੇੜੇ ਸਤਲੁਜ ਦੇ ਕੰਢੇ ਚੁਪ ਚੁਪੀਤਿਆਂ ਲਿਜਾ ਕੇ ਅੰਤਿਮ ਦਾਹ ਕਰ ਦਿੱਤਾ ਗਿਆ।

ਇਨ੍ਹਾਂ ਤਿੰਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੇ ਲੋਕਾਂ ਵਿਚ ਆਜ਼ਾਦੀ ਪ੍ਰਾਪਤ ਕਰਨ ਦੀ ਤਾਂਘ ਨੂੰ ਵਧੇਰੇ ਤੀਬਰ ਕਰ ਦਿੱਤਾ। ਹੁਸੈਨੀਵਾਲਾ ਵਿਚ ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਤੋਂ ਇਲਾਵਾ ਅਜੋਕੇ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਭਗਤ ਸਿੰਘ ਦੇ ਜੱਦੀ ਪਿੰਡ ਖੱਟਕੜ ਕਲਾਂ ਵਿਚ ਵੀ ਯਾਦਗਾਰ ਕਾਇਮ ਕੀਤੀ ਗਈ ਹੈ।

## ਦੂਸਰਾ ਸੰਸਾਰ ਯੁੱਧ (1939-45) ਅਤੇ ਆਈ.ਐਨ.ਏ.

**ਦੂਸਰਾ ਸੰਸਾਰ ਯੁੱਧ (1939-45) ਅਤੇ ਆਈ.ਐਨ.ਏ.** - ਦੂਜੇ ਸੰਸਾਰ ਯੁੱਧ ਵਿਚ ਜਾਪਾਨੀ ਫੌਜ ਨੇ ਥਾਈ-ਮਲਾਇਨ ਸਰਹੱਦ ਉੱਤੇ ਬਰਤਾਨਵੀ ਭਾਰਤੀ ਫੌਜਾਂ ਨੂੰ ਹਰਾ ਦਿੱਤਾ। ਫੜੇ ਗਏ ਹਜ਼ਾਰ ਭਾਰਤੀਆਂ ਵਿਚ ਇਕ ਕੈਪਟਨ ਮੋਹਨ ਸਿੰਘ ਵੀ ਸੀ। ਉਸ ਨੇ ਜਾਪਾਨ ਨੂੰ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਨ੍ਹਾਂ ਨੇ ਇੰਡੀਅਨ ਨੈਸ਼ਨਲ ਆਰਮੀ (ਆਈ.ਐਨ.ਏ.) ਦੀ ਸਥਾਪਨਾ ਕਰਕੇ ਮੋਹਨ ਸਿੰਘ ਨੂੰ ਜਰਨੈਲ ਦਾ ਅਹੁਦਾ ਦੇ ਦਿੱਤਾ। ਆਈ.ਐਨ.ਏ. ਨੇ ਜਾਪਾਨੀ ਆਦੇਸ਼ ਅਨੁਸਾਰ ਸਿੰਘਾਪੁਰ ਉੱਤੇ ਹਮਲਾ ਕਰਕੇ ਉਸ ਨੂੰ 15 ਫਰਵਰੀ, 1942 ਨੂੰ ਫ਼ਤਹਿ ਕਰ ਲਿਆ।

ਭਾਰਤੀ ਸੈਨਾ ਦੇ ਲਗਭਗ 45,000 ਕੈਦੀ ਸਿੰਘਾਪੁਰ ਵਿਚ ਇਕੱਠੇ ਹੋਏ। ਇਨ੍ਹਾਂ ਵਿਚੋਂ ਜਿਨ੍ਹਾਂ 2000 ਨੇ ਆਈ.ਐਨ.ਏ. ਵਿਚ ਸ਼ਾਮਲ ਹੋਣ ਲਈ ਸਹਿਮਤੀ ਦਿੱਤੀ, ਉਨ੍ਹਾਂ ਵਿਚੋਂ ਬਹੁਤੇ ਸਿੱਖ ਸਨ। ਜਨਰਲ ਮੋਹਨ ਸਿੰਘ ਨੇ ਆਪਣੇ ਹੈਡਕੁਆਟਰ ਸਿੰਘਾਪੁਰ ਵਿਚ ਕਾਇਮ ਕੀਤਾ। ਉਸ ਨੇ ਜਾਪਾਨੀ ਫ਼ੀਲਡ ਮਾਰਸ਼ਲ ਤੋਂ ਆਈ.ਐਨ.ਏ. ਦੇ ਕਿਰਦਾਰ ਬਾਰੇ ਪੁੱਛਿਆ। ਮੋਹਨ ਸਿੰਘ ਨੇ 15 ਜੂਨ, 1942 ਨੂੰ ਬੈਂਕਾਕ ਕਾਨਫਰੰਸ ਵਿਚ ਵੀ ਜਾਪਾਨ ਦੀ ਭਾਰਤ ਪ੍ਰਤੀ ਨੀਤੀ ਬਾਰੇ ਪੁੱਛਿਆ। ਜਾਪਾਨੀ ਸਰਕਾਰ ਨੇ ਕੋਈ ਤਸੱਲੀਬਖ਼ਸ਼ ਉੱਤਰ ਨਹੀਂ ਦਿੱਤਾ। ਮੋਹਨ ਸਿੰਘ ਦਾ ਜਾਪਾਨੀਆਂ ਪ੍ਰਤੀ

ਵਿਸ਼ਵਾਸ਼ ਹਿਲ ਗਿਆ। ਮੋਹਨ ਸਿੰਘ ਦੇ ਸਾਥੀ ਨਿਰੰਜਣ ਸਿੰਘ ਗਿੱਲ ਜਿਹੜਾ ਬਰਮਾ ਵਿਚ ਆਈ.ਐਨ.ਏ. ਦਾ ਇੰਚਾਰਜ ਸੀ, ਨੂੰ ਜਾਪਾਨੀਆਂ ਨੇ ਗ੍ਰਿਫ਼ਤਾਰ ਕਰ ਲਿਆ। ਮੋਹਨ ਸਿੰਘ ਨੇ ਆਈ.ਐਨ.ਏ. ਨੂੰ ਤੋੜ ਦਿੱਤਾ।

ਇਸ ਸਮੇਂ ਸੁਭਾਸ਼ ਚੰਦਰ ਬੋਸ ਜਰਮਨੀ ਤੋਂ ਜਾਪਾਨ ਪਹੁੰਚ ਗਿਆ। ਉਸ ਨੇ ਆਰਜ਼ੀ ਆਜ਼ਾਦ ਹਿੰਦ ਸਰਕਾਰ ਸਥਾਪਤ ਕਰ ਲਈ। ਜਾਪਾਨੀਆਂ ਨੇ ਉਸ ਨੂੰ ਪੂਰਾ ਮਿਲਵਰਤਨ ਦਿੱਤਾ। ਸੁਭਾਸ਼ ਚੰਦਰ ਬੋਸ ਆਪਣਾ ਹੈੱਡਕੁਆਟਰ ਰੰਗੂਨ ਵਿਚ ਲੈ ਗਿਆ ਅਤੇ ਫਰਵਰੀ, 1944 ਵਿਚ ਬਰਤਾਨਵੀ ਫੌਜਾਂ ਦੇ ਖਿਲਾਫ਼ ਕੁਝ ਸਫਲਤਾਵਾਂ ਪ੍ਰਾਪਤ ਕੀਤੀਆਂ ਪਰ ਜਨਵਰੀ, 1945 ਵਿਚ ਆਈ.ਐਨ.ਏ. ਅੰਗਰੇਜ਼ੀ ਫੌਜ ਵਿਰੁੱਧ ਸਫਲ ਨਹੀਂ ਹੋ ਸਕੀ ਤੇ ਮਈ, 1945 ਵਿਚ ਆਈ.ਐਨ.ਏ. ਦਾ ਕਾਂਡ ਸਮਾਪਤ ਹੋ ਗਿਆ। ਸੁਭਾਸ਼ ਚੰਦਰ ਬੋਸ ਰੰਗੂਨ ਤੋਂ ਸਿੰਘਾਪੁਰ ਚਲਾ ਗਿਆ ਤੇ ਫਿਰ ਉਥੋਂ ਬੈਂਕਾਕ ਪੁੱਜ ਗਿਆ। 18 ਅਗਸਤ, 1945 ਨੂੰ ਟੋਕੀਓ ਨੂੰ ਜਾਂਦਿਆਂ ਹਵਾਈ ਹਾਦਸੇ ਵਿਚ ਉਸ ਦੀ ਮੌਤ ਹੋ ਗਈ ਪਰ ਉਸ ਦੀ ਮੌਤ ਦਾ ਮਸਲਾ ਸਦਾ ਵਿਵਾਦ ਵਿਚ ਹੀ ਫਸਿਆ ਰਿਹਾ।

## ਪੰਜਾਬ ਦੀ ਵੰਡ

**ਪੰਜਾਬ ਦੀ ਵੰਡ** - 22 ਮਾਰਚ, 1947 ਨੂੰ ਲਾਰਡ ਮਾਊਂਟਬੈਟਨ ਨੇ ਲਾਰਡ ਵੇਵਲ ਤੋਂ ਭਾਰਤ ਦੇ ਵਾਇਸਰਾਏ ਵਜੋਂ ਚਾਰਜ ਲਿਆ। ਉਸ ਨੂੰ ਇਹ ਡਿਊਟੀ ਸੌਂਪੀ ਗਈ ਸੀ ਕਿ ਭਾਰਤ ਨੂੰ ਰਾਜਸੀ ਸੱਤਾ ਸੰਭਾਲਣ ਦਾ ਪ੍ਰਬੰਧ ਕਰੇ। ਭਾਰਤ ਨੂੰ ਭਾਰਤ ਅਤੇ ਪਾਕਿਸਤਾਨ ਵਿਚ ਵੰਡ ਦੇਣ ਦਾ ਫੈਸਲਾ ਕਰ ਲਿਆ ਗਿਆ ਸੀ। ਇਸ ਵੰਡ ਵਿਚ ਪੰਜਾਬ ਦੀ ਤਕਸੀਮ, ਚਿੰਤਾ ਦਾ ਵਿਸ਼ਾ ਸੀ। ਪੰਜਾਬ ਦੇ ਸਿੱਖ ਅਤੇ ਹਿੰਦੂ ਪੰਜਾਬ ਪ੍ਰਾਂਤ ਦੀ ਵੰਡ, ਗਿਣਤੀ ਅਤੇ ਜਾਇਦਾਦ ਦੇ ਆਧਾਰ ਤੇ ਚਾਹੁੰਦੇ ਸਨ। ਪੰਜਾਬ ਦੇ ਗਵਰਨਰ ਇਵਾਨ ਜੈਂਕਨਜ਼ ਨੇ ਪੰਜਾਬ ਨੂੰ ਧਰਮਾਂ ਦੇ ਆਧਾਰ ਤੇ ਵੰਡਣ ਨੂੰ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਲਈ ਖਤਰਨਾਕ ਸਮਝਿਆ ਕਿਉਂਕਿ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਇਨ੍ਹਾਂ ਦੀ ਗਿਣਤੀ ਰਲੀ ਮਿਲੀ ਸੀ। ਸਿੱਖਾਂ ਦੀ ਆਬਾਦੀ ਵੀ ਦੋ ਹਿੱਸਿਆਂ ਵਿਚ ਵੰਡੀ ਜਾਣੀ ਸੀ ਪਰ ਸਿੱਖ ਪਾਕਿਸਤਾਨ ਵਿਚ ਰਹਿਣ ਦੀ ਥਾਂ ਪੰਜਾਬ ਵਿਚ ਹੀ ਰਹਿਣਾ ਚਾਹੁੰਦੇ ਸਨ।

3 ਜੂਨ, 1947 ਨੂੰ ਲਾਰਡ ਮਾਊਂਟਬੈਟਨ ਨੇ ਰੇਡੀਓ ਤੇ ਇਕ ਜਜ਼ਬਾਤੀ ਭਾਸ਼ਣ ਦੁਆਰਾ ਸਿੱਖਾਂ ਬਾਰੇ ਚਿੰਤਾ ਦਾ ਪ੍ਰਗਟਾਵਾ ਕੀਤਾ ਪਰ ਵੰਡ ਦੀ ਸਹੀ ਸਥਿਤੀ ਉਸ ਨੇ ਬਾਊਂਡਰੀ ਕਮਿਸ਼ਨ ਉੱਤੇ ਹੀ ਛੱਡ ਦਿੱਤੀ। 4 ਜੂਨ ਨੂੰ ਇਕ ਪ੍ਰੈੱਸ ਕਾਨਫਰੰਸ ਵਿਚ ਵਾਇਸਰਾਏ ਨੇ ਫਿਰ ਸਿੱਖਾਂ ਪ੍ਰਤੀ ਹਮਦਰਦੀ ਜਤਲਾਈ ਅਤੇ ਕਿਹਾ ਕਿ ਇਹ ਵੰਡ ਜਿਸ ਦੀ ਉਹ ਮੰਗ ਕਰ ਰਹੇ ਹਨ, ਉਨ੍ਹਾਂ ਲਈ ਬਹੁਤ ਹਾਨੀਕਾਰਕ ਹੋਵੇਗੀ ਪਰ ਉਨ੍ਹਾਂ ਨੂੰ ਵੱਧ ਤੋਂ ਵੱਧ ਇਕੱਠਿਆਂ ਰੱਖਣ ਬਾਰੇ ਉਸ ਨੇ ਬਹੁਤ ਸੋਚ ਵਿਚਾਰ ਕੀਤੀ ਹੈ ਜਿਸ ਦਾ ਉਸ ਨੂੰ ਕੋਈ ਹੱਲ ਨਹੀਂ ਲੱਭਾ।

ਬਰਤਾਨਵੀ ਸਰਕਾਰ ਨੇ ਸਰ ਰੈੱਡਕਲਿਫ਼ ਦੀ ਪ੍ਰਧਾਨਗੀ ਅਧੀਨ ਇਕ ਬਾਊਂਡਰੀ ਕਮਿਸ਼ਨ ਦੀ ਸਥਾਪਨਾ ਕੀਤੀ। ਸਿੱਖ ਚਨਾਬ ਦਰਿਆ ਤੱਕ ਦਾ ਇਲਾਕਾ ਚਾਹੁੰਦੇ ਸਨ ਜਿਸ ਨਾਲ 90% ਸਿੱਖ ਇਕੱਠੇ ਰਹਿ ਸਕਦੇ ਸਨ। ਦੂਜੇ ਪਾਸੇ ਮੁਸਲਮਾਨ ਲਾਹੌਰ, ਮੁਲਤਾਨ ਅਤੇ ਰਾਵਲਪਿੰਡੀ ਡਵੀਜ਼ਨਾਂ ਦੀਆਂ ਕੁਝ ਤਹਿਸੀਲਾਂ ਵੀ ਮੰਗਦੇ ਸਨ ਪਰ ਫੈਸਲਾ ਕੇਵਲ ਸਰ ਰੈੱਡਕਲਿਫ਼ ਦੇ ਹੱਥਾਂ ਵਿਚ ਹੀ ਸੀ ਜਿਸ ਨੇ ਈਸਟ ਪੰਜਾਬ ਨੂੰ 13 ਜ਼ਿਲ੍ਹੇ ਅਰਥਾਤ ਜਲੰਧਰ ਅਤੇ ਅੰਬਾਲਾ ਡਵੀਜ਼ਨਾਂ ਦੇ ਜ਼ਿਲ੍ਹੇ, ਅੰਮ੍ਰਿਤਸਰ ਦਾ ਜ਼ਿਲ੍ਹਾ ਅਤੇ ਲਾਹੌਰ ਅਤੇ ਗੁਰਦਾਸਪੁਰ ਦੀਆਂ ਕੁਝ ਤਹਿਸੀਲਾਂ ਦਿੱਤੀਆਂ। ਪੰਜਾਬ ਦੇ ਕੁੱਲ ਰਕਬੇ ਦਾ 62% ਹਿੱਸਾ ਅਤੇ ਆਬਾਦੀ ਦਾ 55% ਪਾਕਿਸਤਾਨ ਨੂੰ ਦਿੱਤਾ ਗਿਆ।

ਅਜੋਕੀ ਨਵੀਂ ਖੋਜ ਤੋਂ ਪਤਾ ਲੱਗਦਾ ਹੈ ਕਿ ਲਾਰਡ ਮਾਊਂਟਬੈਟਨ ਦੇ ਕਹਿਣ ਤੇ ਬਾਊਂਡਰੀ ਕਮਿਸ਼ਨ ਨੇ ਸਿੱਖਾਂ ਦੀ ਮੱਦਦ ਕਰਨ ਲਈ ਗੁਰਦਾਸਪੁਰ ਦਾ ਜ਼ਿਲ੍ਹਾ ਅਤੇ ਫਿਰੋਜ਼ਪੁਰ ਅਤੇ ਜ਼ੀਰਾ ਤਹਿਸੀਲਾਂ ਨੂੰ ਪੂਰਬੀ ਪੰਜਾਬ ਵਿਚ ਰੱਖ ਦਿੱਤਾ। ਇਹ ਇਲਾਕੇ ਪਹਿਲਾਂ ਕਮਿਸ਼ਨ ਨੇ ਪਾਕਿਸਤਾਨ ਨੂੰ ਦੇਣ ਦਾ ਫੈਸਲਾ ਕੀਤਾ ਹੋਇਆ ਸੀ।

14-15 ਅਗਸਤ, 1947 ਨੂੰ ਜਦੋਂ ਭਾਰਤ ਅਤੇ ਪਾਕਿਸਤਾਨ ਆਪਣੀ ਆਜ਼ਾਦੀ ਪ੍ਰਾਪਤੀ ਦੇ ਜਸ਼ਨ ਮਨਾ ਰਹੇ ਸਨ ਤਾਂ ਪੰਜਾਬ ਦੇ ਲਗਭਗ ਇਕ ਕਰੋੜ ਮੁਸਲਮਾਨ, ਸਿੱਖ ਅਤੇ ਹਿੰਦੂ ਇਕ ਦੂਜੇ ਦੀਆਂ ਧੌਣਾਂ ਉੱਤੇ ਤਲਵਾਰਾਂ ਰੱਖੀ ਖੜ੍ਹੇ ਸਨ। ਆਬਾਦੀ ਦੀ ਅਦਲਾ-ਬਦਲੀ ਸਮੇਂ ਪਾਕਿਸਤਾਨ ਅਤੇ ਭਾਰਤ ਵਿਚ ਭਿਆਨਕ ਜ਼ੁਲਮ ਕੀਤੇ ਗਏ। ਸ਼ਰਨਾਰਥੀਆਂ ਨੂੰ ਲੈ ਜਾ ਰਹੀਆਂ ਗੱਡੀਆਂ ਕਤਲ ਕੀਤੇ ਹੋਏ ਮੁਸਾਫ਼ਰਾਂ ਨਾਲ ਭਰੀਆਂ ਹੋਈਆਂ ਸਰਹੱਦਾਂ ਪਾਰ ਕਰ ਰਹੀਆਂ ਸਨ। ਬੁੱਢਿਆਂ, ਲਾਚਾਰਾਂ, ਬੱਚਿਆਂ ਅਤੇ ਔਰਤਾਂ ਤੱਕ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਦੁਨੀਆਂ ਭਰ ਦੇ ਇਤਿਹਾਸ ਵਿਚ ਇੰਨੇ ਖ਼ੂਨ ਖਰਾਬੇ ਨਾਲ ਹੋਈ ਆਬਾਦੀ ਦੀ ਅਦਲਾ-ਬਦਲੀ ਦੀ ਇਸ ਦੇ ਮੁਕਾਬਲੇ ਦੀ ਕੋਈ ਮਿਸਾਲ ਨਹੀਂ ਮਿਲਦੀ।

ਸੱਠ ਲੱਖ ਮੁਸਲਮਾਨ ਪੂਰਬੀ ਪੰਜਾਬ ਛੱਡ ਕੇ ਗਏ ਅਤੇ ਲਗਭਗ ਇੰਨੇ ਹੀ ਸਿੱਖ ਹਿੰਦੂ ਪੱਛਮੀ ਪੰਜਾਬ ਛੱਡ ਕੇ ਆਏ। ਲੱਖਾਂ ਦੀ ਗਿਣਤੀ ਵਿਚ ਲੋਕ ਭੇਡਾਂ-ਬੱਕਰੀਆਂ ਦੀ ਤਰ੍ਹਾਂ ਕਤਲ ਕਰ ਦਿੱਤੇ ਗਏ।

ਪੰਜਾਬ ਦੀ ਵੰਡ ਨੇ ਪੰਜਾਬ ਦੇ ਰਾਜਸੀ, ਸਮਾਜਿਕ ਅਤੇ ਆਰਥਿਕ ਢਾਂਚੇ ਵਿਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸਿੱਖ ਜੋ ਇਕ ਖ਼ੁਸ਼ਹਾਲ ਕੌਮ ਸੀ, ਆਮ ਭਾਰਤੀ ਪੱਧਰ ਤੇ ਹੀ ਆ ਡਿੱਗੇ। ਉਹ ਰੋਜ਼ੀ ਦੀ ਭਾਲ ਵਿਚ ਸਾਰੇ ਭਾਰਤ ਵਿਚ ਖਿਲਰ ਗਏ ਅਤੇ ਲੱਖਾਂ ਸਿੱਖ ਬਦੇਸ਼ਾਂ ਵਿਚ ਜਾ ਵਸੇ।

## ਪੈਪਸੂ

**ਪੈਪਸੂ** - 15 ਅਗਸਤ, 1947 ਨੂੰ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਸਿੱਖਾਂ ਦੀ ਮੁੱਖ ਸ਼ਿਕਾਇਤ ਉਸੇ ਤਰ੍ਹਾਂ ਕਾਇਮ ਰਹੀ। ਉਨ੍ਹਾਂ ਕੋਲ ਇਸ ਧਰਤੀ ਉੱਤੇ ਕੋਈ ਵੀ ਅਜਿਹੀ ਥਾਂ ਨਾ ਰਹੀ ਜਿੱਥੇ ਉਨ੍ਹਾਂ ਦੇ ਰਾਜਸੀ ਅਤੇ ਸਭਿਆਚਾਰਕ ਪ੍ਰਗਟਾਵੇ ਦੀ ਪੂਰੀ ਗੁੰਜਾਇਸ਼ ਹੋਵੇ। ਸਿੱਖਾਂ ਦੇ ਅਜਿਹੇ ਭਾਵਾਂ ਨੂੰ ਮਹਿਸੂਸ ਕਰਦਿਆਂ ਹੋਇਆਂ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਸਰਦਾਰ ਵਲਭ ਭਾਈ ਪਟੇਲ ਨੇ ਪੂਰਬੀ ਪੰਜਾਬ ਦੇ ਵਿਚਕਾਰ ਸਿੱਖ ਬਹੁਗਿਣਤੀ ਵਾਲਾ ਰਾਜ-ਪੈਪਸੂ ਸਥਾਪਤ ਕਰ ਦਿੱਤਾ। ਸਰਦਾਰ ਪਟੇਲ, ਇੰਡੀਅਨ ਸਟੇਟਸ ਵਿਭਾਗ ਦੇ ਵੀ ਇੰਚਾਰਜ ਸਨ। ਉਨ੍ਹਾਂ ਨੇ ਮਈ, 1948 ਵਿਚ ਪਟਿਆਲਾ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਦਾ ਐਲਾਨ ਕਰ ਦਿੱਤਾ। ਇਸ ਰਾਜ ਵਿਚ ਪਟਿਆਲਾ, ਨਾਭਾ, ਜੀਂਦ,

ਕਪੂਰਥਲਾ, ਫਰੀਦਕੋਟ, ਮਲੇਰਕੋਟਲਾ ਅਤੇ ਨਾਲਾਗੜ੍ਹ ਸ਼ਾਮਲ ਸਨ। ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਰਾਜਪ੍ਰਮੁੱਖ ਬਣਾ ਦਿੱਤਾ ਗਿਆ ਅਤੇ ਗਿਆਨ ਸਿੰਘ ਰਾੜੇਵਾਲੇ ਨੂੰ ਮੁੱਖ ਮੰਤਰੀ ਬਣਾਇਆ ਗਿਆ। ਪੈਪਸੂ ਵਿਚ ਸਿੱਖਾਂ ਦੀ ਬਹੁਗਿਣਤੀ ਸੀ। ਜਲਦੀ ਹੀ ਪਿੱਛੋਂ ਗਿਆਨ ਸਿੰਘ ਰਾੜੇਵਾਲੇ ਨੂੰ ਹਟਾ ਕੇ ਯੂ.ਐਨ. ਰਾਓ ਨੂੰ ਪੈਪਸੂ ਦਾ ਐਡਮਿਨਿਸਟਰੇਟਰ ਨਿਯੁਕਤ ਕਰ ਦਿੱਤਾ ਗਿਆ। ਸੰਨ 1952 ਦੀਆਂ ਚੋਣਾਂ ਵਿਚ ਇਥੇ ਕਾਂਗਰਸ ਨੇ ਆਪਣੀ ਸਰਕਾਰ ਕਾਇਮ ਕਰ ਲਈ ਤੇ ਕਰਨਲ ਰਘਬੀਰ ਸਿੰਘ ਮੁੱਖ ਮੰਤਰੀ ਬਣ ਗਿਆ। ਪਿੱਛੋਂ ਕੁਝ ਸਮੇਂ ਲਈ ਬ੍ਰਿਸ਼ਭਾਨ ਮੁੱਖ ਮੰਤਰੀ ਰਿਹਾ। ਸੰਨ 1956 ਵਿਚ ਪੰਜਾਬ ਅਤੇ ਪੈਪਸੂ ਨੂੰ ਇਕੱਠਾ ਕਰ ਦਿੱਤਾ ਗਿਆ।

## ਪੰਜਾਬੀ ਸੂਬਾ

**ਪੰਜਾਬੀ ਸੂਬਾ** - ਦੱਖਣੀ ਭਾਰਤ ਦੀਆਂ ਸਟੇਟਾਂ (ਰਾਜਾਂ) ਨੂੰ ਬੋਲੀ ਦੇ ਆਧਾਰ ਤੇ ਮੁੜ ਬਣਾਇਆ ਗਿਆ ਅਤੇ ਉਨ੍ਹਾਂ ਦੀਆਂ ਨਵੀਆਂ ਹੱਦਾਂ ਉਲੀਕੀਆਂ ਗਈਆਂ ਪਰ ਇਹ ਨੀਤੀ ਪੰਜਾਬ ਉੱਤੇ ਲਾਗੂ ਨਾ ਕੀਤੀ ਗਈ। ਪੰਜਾਬ ਵਿਚ ਇਸ ਰਾਜ ਦੀ ਮਾਤ-ਭਾਸ਼ਾ ਪੰਜਾਬੀ ਨੂੰ ਇਥੋਂ ਦੀ ਰਾਜ ਭਾਸ਼ਾ ਦਾ ਦਰਜਾ ਵੀ ਨਾ ਦਿੱਤਾ ਗਿਆ ਕਿਉਂਕਿ ਪੰਜਾਬੀ ਹਿੰਦੂਆਂ ਨੇ ਰਾਜਸੀ ਕਾਰਨਾਂ ਕਰਕੇ ਸਕੂਲਾਂ ਵਿਚ ਅਤੇ ਮਰਦਮਸ਼ੁਮਾਰੀ ਸਮੇਂ ਹਿੰਦੂ ਨੂੰ ਆਪਣੀ ਮਾਤ-ਭਾਸ਼ਾ ਲਿਖਵਾਇਆ। ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਦੇ ਨਾਂ ਤੇ ਸੱਚਰ ਫ਼ਾਰਮੂਲਾ ਤਿਆਰ ਕੀਤਾ ਗਿਆ ਜਿਸ ਵਿਚ ਤੀਜੀ ਜਮਾਤ ਤੋਂ ਬਾਅਦ ਪੰਜਾਬੀ ਅਤੇ ਹਿੰਦੀ ਪੜ੍ਹਾਈ ਜਾਣ ਦਾ ਸੁਝਾਅ ਦਿੱਤਾ ਗਿਆ। ਹਿੰਦੂ ਬੱਚਿਆਂ ਨੇ ਹਿੰਦੀ ਅਤੇ ਸਿੱਖ ਬੱਚਿਆਂ ਨੇ ਪੰਜਾਬੀ ਨੂੰ ਚੁਣਿਆ। ਦੋਹਾਂ ਕੌਮਾਂ ਵਿਚ ਪਾੜਾ ਹੋਰ ਵੱਧ ਗਿਆ। ਸੰਨ 1949 ਵਿਚ ਪੰਜਾਬ ਯੂਨੀਵਰਸਿਟੀ ਜਿਸ ਉੱਤੇ ਆਰੀਆ ਸਮਾਜੀ ਹਾਵੀ ਸਨ, ਨੇ ਐਲਾਨ ਕਰ ਦਿੱਤਾ ਕਿ ਪੰਜਾਬੀ ਵਿਦਿਆ ਦੇ ਮਾਧਿਅਮ ਵਜੋਂ ਵਰਤੀ ਜਾਣ ਦੇ ਯੋਗ ਨਹੀਂ। ਇਸ ਨਾਲ ਪੰਜਾਬ ਬੋਲੀ ਦੇ ਮਸਲੇ ਉੱਤੇ ਇਕ ਮੈਦਾਨੇ ਜੰਗ ਬਣ ਗਿਆ। ਸੰਨ 1956 ਵਿਚ ਰਿਜ਼ਨਲ ਫ਼ਾਰਮੂਲੇ ਉੱਤੇ ਦੋਨਾਂ ਫਰੀਕਾਂ ਵਿਚਕਾਰ ਸਮਝੌਤਾ ਹੋ ਗਿਆ। ਪੰਜਾਬ ਨੂੰ ਦੋ ਹਿੱਸਿਆਂ - ਪੰਜਾਬੀ ਅਤੇ ਹਿੰਦੂ ਬੋਲਦੇ ਇਲਾਕੇ ਵਿਚ ਵੰਡਿਆ ਗਿਆ। ਪੰਜਾਬੀ ਹਿੱਸੇ ਵਿਚ ਕੇਵਲ ਪੰਜਾਬੀ ਨੂੰ ਹੀ ਸਿੱਖਿਆ ਦਾ ਮਾਧਿਅਮ ਰੱਖਿਆ ਗਿਆ ਅਤੇ ਹਿੰਦੀ ਬੋਲਦੇ ਇਲਾਕੇ ਵਿਚ ਹਿੰਦੀ ਨੂੰ ਹੀ ਮਾਧਿਅਮ ਬਣਾਇਆ ਗਿਆ ਪਰ ਹਿੰਦੀ ਬੋਲਦੇ ਇਲਾਕੇ ਲਈ ਪੰਜਾਬੀ ਪੜ੍ਹਨੀ ਜ਼ਰੂਰੀ ਕਰ ਦਿੱਤੀ ਗਈ। ਹਿੰਦੂਆਂ ਨੇ ਇਸ ਫ਼ਾਰਮੂਲੇ ਤੇ ਅਮਲ ਕਰਨ ਤੋਂ ਇਨਕਾਰ ਕਰ ਦਿੱਤਾ।

ਸਿੱਖਾਂ ਨੇ ਪੰਜਾਬੀ ਸੂਬੇ ਦੀ ਮੰਗ ਕੀਤੀ। ਜਵਾਹਰ ਲਾਲ ਨਹਿਰੂ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨੇ ਪੰਜਾਬੀ ਸੂਬੇ ਦੀ ਮੰਗ ਦਾ ਵਿਰੋਧ ਕੀਤਾ। ਬਦਕਿਸਮਤੀ ਨਾਲ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਨੇ ਇਕ ਸਾਂਝੇ ਪਲੇਟਫਾਰਮ ਤੋਂ ਪੰਜਾਬੀ ਸੂਬੇ ਦੀ ਮੰਗ ਨਹੀਂ ਕੀਤੀ। ਜਨਸੰਘ ਜੋ ਹਿੰਦੂ ਜਥੇਬੰਦੀ ਸੀ, ਨੇ ਪੰਜਾਬੀ ਸੂਬੇ ਦਾ ਵਿਰੋਧ ਕੀਤਾ।

ਮਾਸਟਰ ਤਾਰਾ ਸਿੰਘ ਜਿਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਸੀ, ਨੇ 1960 ਈ. ਵਿਚ ਪੰਜਾਬੀ ਸੂਬੇ ਲਈ ਜ਼ੋਰਦਾਰ ਸੰਘਰਸ਼ ਛੇੜਿਆ। 24 ਮਈ, 1960 ਨੂੰ ਉਸ ਨੂੰ ਗ੍ਰਿਫ਼ਤਾਰ ਕਰਕੇ ਧਰਮਸ਼ਾਲਾ ਜੇਲ੍ਹ ਵਿਚ ਭੇਜ ਦਿੱਤਾ। ਐਸ.ਜੀ.ਪੀ.ਸੀ. ਦੇ ਮੀਤ ਪ੍ਰਧਾਨ ਸੰਤ ਫ਼ਤਹਿ ਸਿੰਘ ਨੇ ਇਸ ਮੰਗ ਲਈ 18 ਦਸੰਬਰ, 1960 ਨੂੰ ਮਰਨ ਵਰਤ ਰੱਖ ਲਿਆ। ਵਿਗੜਦੇ ਹਾਲਾਤ ਦੇ ਸਨਮੁਖ ਮਾਸਟਰ ਤਾਰਾ ਸਿੰਘ ਨੂੰ ਜਨਵਰੀ, 1961 ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ। ਮਾਸਟਰ ਤਾਰਾ ਸਿੰਘ ਜਵਾਹਰ ਲਾਲ ਨਹਿਰੂ ਨੂੰ ਮਿਲਿਆ ਪਰ ਪ੍ਰਧਾਨ ਮੰਤਰੀ ਨੇ ਇਹ ਕਹਿ ਕੇ ਬੋਲੀ ਦੇ ਆਧਾਰ ਤੇ ਪੰਜਾਬ ਦੀ ਵੰਡ ਹਿੰਦੂਆਂ ਅਤੇ ਸਿੱਖਾਂ ਦੋਹਾਂ ਲਈ ਹਾਨੀਕਾਰਕ ਹੋਵੇਗੀ, ਇਹ ਮੰਗ ਰੱਦ ਕਰ ਦਿੱਤੀ।

ਮਾਸਟਰ ਤਾਰਾ ਸਿੰਘ ਨੇ ਸੰਤ ਫ਼ਤਿਹ ਸਿੰਘ ਦਾ ਮਰਨ ਵਰਤ ਤੁੜਵਾ ਦਿੱਤਾ। ਸਿੱਖ ਉਸ ਨਾਲ ਨਾਰਾਜ਼ ਹੋ ਗਏ ਅਤੇ ਇਸ ਨੂੰ ਵਿਸਾਹਘਾਤ ਸਮਝਿਆ ਪਰ ਪੰਜਾਬੀ ਸੂਬੇ ਲਈ ਕੋਸ਼ਿਸ਼ਾਂ ਜਾਰੀ ਰਹੀਆਂ। 27 ਮਈ, 1964 ਨੂੰ ਜਵਾਹਰ ਲਾਲ ਨਹਿਰੂ ਦੀ ਮੌਤ ਹੋ ਗਈ। ਨਵੇਂ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਪਾਰਲੀਮੈਂਟ ਦੇ ਸਪੀਕਰ ਹੁਕਮ ਸਿੰਘ ਦੀ ਪ੍ਰਧਾਨਗੀ ਹੇਠ ਇਕ ਪਾਰਲੀਮੈਂਟਰੀ ਕਮੇਟੀ ਬਣਾਈ। ਇਸ ਕਮੇਟੀ ਨੇ ਸਰਵਸੰਮਤੀ ਨਾਲ ਪੰਜਾਬੀ ਸੂਬਾ ਬਣਾਉਣ ਦੀ ਸਿਫ਼ਾਰਸ਼ ਕਰ ਦਿੱਤੀ ਪਰ ਇਸ ਸਿਫ਼ਾਰਸ਼ ਦੇ ਸਰਕਾਰ ਕੋਲ ਪੁੱਜਣ ਤੋਂ ਪਹਿਲਾਂ ਹੀ ਨਵੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 2 ਮਾਰਚ, 1966 ਨੂੰ ਪੰਜਾਬੀ ਸੂਬੇ ਦਾ ਐਲਾਨ ਕਰ ਦਿੱਤਾ। ਇਸ ਸੂਬੇ ਵਿਚ ਨਾ ਕੇਵਲ ਸਿੱਖ ਬਹੁਗਿਣਤੀ ਵਾਲੇ ਇਲਾਕਿਆਂ ਨੂੰ ਹਿੰਦੂ ਬਹੁਗਿਣਤੀ ਵਾਲੇ ਇਲਾਕਿਆਂ ਤੋਂ ਵੱਖ ਕਰ ਦਿੱਤਾ ਸਗੋਂ ਇਥੋਂ ਤੱਕ ਕਿ ਕਰਨਾਲ, ਸ਼ਿਮਲਾ, ਕਾਂਗੜਾ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੇ ਪੰਜਾਬੀ ਬੋਲਦੇ ਇਲਾਕੇ ਵੀ ਬਾਹਰ ਰੱਖੇ ਗਏ। ਸੰਨ 1951 ਦੀ ਮਰਦਮਸ਼ੁਮਾਰੀ ਅਨੁਸਾਰ ਕਾਂਗੜਾ ਦੀ 90% ਆਬਾਦੀ ਪੰਜਾਬੀ ਬੋਲਦੀ ਸੀ ਪਰ ਰਾਜਸੀ ਕਾਰਨਾਂ ਕਰਕੇ ਦਸ ਸਾਲ ਬਾਅਦ ਇਥੋਂ ਦੀ ਬਹੁਗਿਣਤੀ ਨੇ ਹਿੰਦੀ ਨੂੰ ਆਪਣੀ ਮਾਤ-ਭਾਸ਼ਾ ਲਿਖਵਾਇਆ। ਕੇਂਦਰੀ ਸਰਕਾਰ ਨੇ ਪੰਜਾਬ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਰੱਖ ਦਿੱਤਾ-ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼।

ਇੰਦਰਾ ਗਾਂਧੀ ਦੇ ਨਿਯੁਕਤ ਕੀਤੇ ਇਕ ਹੋਰ ਕਮਿਸ਼ਨ ਨੇ ਫ਼ਾਜ਼ਿਲਕਾ ਅਤੇ ਅਬੋਹਰ ਦੇ ਇਲਾਕਿਆਂ ਨੂੰ ਵੀ ਹਰਿਆਣੇ ਨੂੰ ਦੇਣ ਦੀ ਸਿਫ਼ਾਰਸ਼ ਕੀਤੀ ਅਤੇ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਨਿਰਣਾ ਲਿਆ। ਇਹ ਪੰਜਾਬ ਨੂੰ ਪ੍ਰਵਾਨ ਨਹੀਂ ਸੀ ਹੋ ਸਕਦਾ। ਪੰਜਾਬ ਨੂੰ ਗ਼ੈਰ-ਵਾਜਬ ਢੰਗ ਨਾਲ ਤਿੰਨ ਹਿੱਸਿਆਂ ਵਿਚ ਵੰਡ ਕੇ, ਕੇਂਦਰੀ ਸਰਕਾਰ ਨੇ ਇਕ ਨਾ ਮੁਕਣ ਵਾਲਾ ਮਸਲਾ ਖੜ੍ਹਾ ਕਰ ਲਿਆ ਜੋ ਨਾਸੂਰ ਦੇ ਫੋੜੇ ਦੀ ਤਰ੍ਹਾਂ ਸਦਾ ਰਿਸਦਾ ਰਹਿੰਦਾ ਸੀ।

ਸੰਨ 1966 ਤੋਂ ਅਗਲੇਰੀਆਂ ਘਟਨਾਵਾਂ ਹਾਲੇ ਤੱਕ ਇਤਿਹਾਸ ਦਾ ਭਾਗ ਨਹੀਂ ਬਣੀਆਂ ਉਹ ਕੇਵਲ ਰਾਜਨੀਤੀ ਦਾ ਹੀ ਭਾਗ ਹਨ। ਇਸ ਸਮੇਂ ਦੇ ਕਈ ਸਾਰੇ ਲਟਕਦੇ ਮਸਲੇ ਹੱਲ ਹੋਣ ਤੋਂ ਬਾਅਦ ਹੀ ਇਤਿਹਾਸ ਦਾ ਹਿੱਸਾ ਬਣਨਗੇ।

**ਮੁੱਖ ਸਰੋਤ - ਪੰਜਾਬ ਕੋਸ਼, ਭਾਸ਼ਾ ਵਿਭਾਗ, ਪੰਜਾਬ।**

(**ਸਮਾਪਤ**)

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

## ਸ਼ੇਅਰ

1. **ਤੂੰ ਬਸਤਾ ਸੀਅ ਮੈਂ ਕੇਦਾ ਲਿਆਵਾਂ, ਛੱਲੇ ਕੱਲ ਸਕੂਲ ਹੈ ਜਾਣਾ।**
2. **ਉਸਤਾਦ ਛੱਲੇ ਦਾ ਮੁਨਸ਼ੀ ਚੰਗਾ, ਕਹਿ ਮੈਂ ਇਸ ਨੂੰ ਸਬਕ ਸਿਖਾਣਾ।**
3. **ਕੱਲ੍ਹ ਸੋਹਣੇ ਕੱਪੜੇ ਪਾ ਕੇ ਘੱਲਸਾਂ, ਤਿੱਲੇ ਨਾਲ ਮੜੀ ਹੋਈ ਜੁੱਤੀ।**
4. **ਛੱਡ ਮੈਂ ਆਵਾਂ ਲੈ ਤੂੰ ਆਵੀਂ, 'ਲਹਿਰੀ' ਹੋਵੇ ਜਦੋਂ ਸਕੂਲੋਂ ਛੁੱਟੀ।**

**ਵਿਸਥਾਰ** - ਜੱਲ੍ਹਾ ਪੁੱਤਰ ਛੱਲੇ ਲਈ ਹੱਟੀ ਤੋਂ ਕੇਦਾ ਲੈਣ ਚਲਾ ਗਿਆ। ਮਾਂ ਛੱਲੇ ਲਈ ਬਸਤਾ ਸੀਣ ਲੱਗ ਪਈ। ਜੱਲ੍ਹਾ ਕੇਦਾ ਲੈ ਕੇ ਆ ਗਿਆ। ਛੱਲੇ ਦੀ ਅੰਮੀ ਨੇ ਬਸਤਾ ਸੀਅ ਦਿੱਤਾ। ਬਸਤੇ ਵਿੱਚ ਕੇਦਾ ਪਾ ਦਿੱਤਾ। ਛੱਲਾ ਵੀ ਨਵਾਂ ਬਸਤਾ ਤੇ ਕੇਦਾ ਵੇਕ ਕੇ ਬਹੁਤ ਖੁਸ਼ ਹੋਇਆ। ਰਾਤ ਦਾ ਰੋਟੀ ਪਾਣੀ ਖਾ ਪੀ ਕੇ ਸੌਣ ਲੱਗੇ। ਪਰ ਇਹ ਪਤਾ ਨਹੀ ਸੀ ਕਿ ਛੱਲੇ ਦੀ ਅੰਮੀ ਦੀ ਅੱਜ ਆਖਰੀ ਰਾਤ ਸੀ। ਗੱਲਾਂ ਕਰਦਿਆਂ–ਕਰਦਿਆਂ ਛੱਲੇ ਦੀ ਮਾਂ ਸਦਾ ਲਈ ਗੂੜ੍ਹੀ ਨੀਂਦ ਸੌਂ ਗਈ ਭਾਵ ਛੱਲੇ ਦੀ ਅੰਮੀ ਮਰ ਗਈ।

## ਗੀਤ

1. **ਅੰਮੀ ਮਰ ਗਈ ਛੱਲੇ ਦੀ, ਮਰ ਗਈ ਜੱਲ੍ਹੇ ਦੀ ਸੁਆਣੀ।**
   **ਦੁੱਧ ਛੁੱਟ ਗਿਆ ਛੱਲੇ ਦਾ, ਰੋਟੀ ਜੱਲ੍ਹੇ ਨੂੰ ਪਊ ਪਕਾਣੀ।**

2. **ਦੁੱਧ ਪਿਆ ਦੇ ਅੰਮੀਏ ਨੀ, ਉਠ ਕੇ ਵੇਖ ਲੈ ਰੋਂਦਾ ਛੱਲਾ।**
   **ਡਾਢੇ ਵੈਣ ਉਹ ਪਾਉਂਦਾ ਸੀ, ਸੁਣ ਕੇ ਹੋਰ ਤੜਫਦਾ ਜੱਲ੍ਹਾ।**
   **ਅੰਮੀਏ ਪਿਆਸ ਬੁਝਾ ਦੇ ਨੀ, ਇੱਥੇ ਮਿਲਣਾ ਨਾ ਮੰਗਿਆ ਪਾਣੀ।**
   **ਅੰਮੀ ਮਰ ਗਈ**...............................................
3. **ਭੁੱਬਾ ਮਾਰ ਕੇ ਰੋਂਦੇ ਸੀ, ਦੋਵੇਂ ਪਿਉ ਪੁੱਤਰ ਘਬਰਾਏ।**
   **ਦੰਦੀਆਂ ਵੱਢਦਾ ਹੱਥਾਂ ਤੇ, ਰੋ-ਰੋ ਛੱਲਾ ਮਾਂ ਜਗਾਏ।**
   **ਮੋਏ ਕਦੇ ਨਾ ਮੁੜਦੇ ਨੇ, ਛੱਲਿਆ ਇਹ ਤਾਂ ਰੀਤ ਪੁਰਾਣੀ।**
   **ਅੰਮੀ ਮਰ ਗਈ**...............................................

4. **ਕੂਕਾਂ ਗੂੰਜੀਆਂ ਵਿਹੜੇ 'ਚ, ਸੁਣ ਕੇ ਰੋਇਆ ਆਲਮ ਸਾਰਾ।**
   **ਭਰਿਆ ਛੱਪੜ ਹੰਝੂਆਂ ਦਾ, ਸੁੱਕਾ ਪਿਆ ਸੀ ਵਕਤ ਤੋਂ ਬਾਹਲਾ।**
   **'ਲਹਿਰੀ' ਪੇਸ਼ ਨਾ ਚੱਲਦੀ ਸੀ, ਪੈ ਗਈ ਕਬਰ ਦੇ ਵਿੱਚ ਦਫਨਾਣੀ।**
   **ਅੰਮੀ ਮਰ ਗਈ**...............................................

**ਵਿਸਥਾਰ** - ਛੱਲੇ ਨੂੰ ਆਪਣੀ ਮਾਂ ਦੀ ਹੱਡ ਚੀਰਵੀ ਯਾਦ ਰਾਤ ਨੂੰ ਸੌਣ ਨਾ ਦਿੰਦੀ। ਉਦਾਸ ਹੋਇਆ ਛੱਲਾ ਸਾਰੀ–ਸਾਰੀ ਰਾਤ ਸੋਚਦਾ ਰਹਿੰਦਾ। ਜੇ ਕਿਤੇ ਭੁੱਲ ਕੇ ਨੀਂਦ ਆ ਜਾਂਦੀ ਤਾਂ ਸੁੱਤਾ ਹੋਇਆ ਵੀ ਵਿਫਲਦਾ ਤੇ ਅੰਮੀ ਅੰਮੀ ਕਰਦਾ ਰਹਿੰਦਾ। ਜੱਲ੍ਹਾ ਜਦੋਂ ਛੱਲੇ ਨੂੰ ਥੱਪ ਕੇ ਸੁਆਉਂਦਾ ਤਾਂ ਛੱਲਾ ਰੋਣ ਲੱਗ ਜਾਂਦਾ ਤੇ ਕਹਿੰਦਾ, "ਅੱਬਾ ਜਾਨ ਮੇਰੀ ਅੰਮੀ ਲੈ ਕੇ ਆ ਜਾ ਮੈਨੂੰ ਮੇਰੀ ਅੰਮੀ ਕੋਲ ਛੱਡ ਆ।" ਜੱਲ੍ਹੇ ਤੇ ਛੱਲੇ ਦੇ ਸੁਆਲ–ਜੁਆਬ –

## ਸ਼ੇਅਰ

ਛੱਲਾ - ਮੇਰੀ ਕਦ ਤੱਕ ਅੰਮੀ ਆਵੇਗੀ, ਮੈਨੂੰ ਦੱਸ ਦੇ ਅੱਬਾ ਬੋਲ।
ਜੀਅ ਉਹਦੇ ਬਿਨ ਨਹੀਂ ਲੱਗਦਾ ਮੇਰਾ, ਮੈਨੂੰ ਛੱਡ ਆ ਉਹਦੇ ਕੋਲ।

ਜੱਲ੍ਹਾ - ਝੂਠ ਮਾਰਾਂ ਨਾ ਛੱਲਿਆ ਤੈਨੂੰ, ਅੱਜ ਆਵੇ ਜਾਂ ਭਲਕੇ।
ਮੂੰਹ ਤੇ ਮਿੱਟੀ ਪੈ ਜਾਵੇ ਜਦ, ਫਿਰ ਨਾ ਬਹਿੰਦੇ ਰਲਕੇ।

ਛੱਲਾ - ਆਲਮ ਸਾਰਾ ਛੱਡ ਕੇ ਆਇਆ, ਚੱਲ ਆਪਾਂ ਲੈ ਕੇ ਆਈਏ।
ਕੋਈ ਨਾ ਅੰਮੀ ਖੋਹ ਸਕਦਾ ਮੇਰੀ, ਦੂਰ ਕਿਤੇ ਤੁਰ ਜਾਈਏ।

ਜੱਲ੍ਹਾ - ਸਭ ਆਲਮ ਨੇ ਦਰਦ ਵੰਡਾਇਆ, ਕੀ ਜਾਣੇ ਤੂੰ ਛੱਲਿਆ।
ਕਦੇ ਨਾ ਅੰਮੀ ਗੋਦ ਖਿਡਾਉਂਣਾ, ਤੈਨੂੰ ਭੁੱਲਣਾ ਪੈਣਾ ਬੱਲਿਆ।

ਛੱਲਾ - ਸੇਤ ਵਿਛਾਈ ਮੰਜੇ ਅੰਮੀ ਦੇ ਅੱਜ, ਮੈਨੂੰ ਦੁੱਧ ਪਿਆਵਣ ਆਵੇਗੀ।
ਅੱਬੂ ਕਹਿ ਦੇਈਂ ਛੱਲਾ ਰੋਂਦਾ, ਉਹ ਫਿਰ ਨਾ ਵਾਪਸ ਜਾਵੇਗੀ।

ਜੱਲ੍ਹਾ - ਦਾਣਾ ਪਾਣੀ ਮੁੱਕ ਗਿਆ ਉਹਦਾ, ਨਾ ਪੀਵੇ ਨਾ ਖਾਵੇਗੀ।
ਅੱਲ੍ਹਾ ਦੇ ਘਰ ਪਹੁੰਚ ਗਈ ਉਹ ਤੇ, ਤੈਨੂੰ ਕਿੱਥੋਂ ਦੁੱਧ ਪਿਆਵੇਗੀ।
ਸੌਂ ਜਾ ਛੱਲਿਆ ਸੌਂ ਜਾ ਛੱਲਿਆ, ਕਦੇ ਨਾ ਮੁੜ ਕੇ ਆਵੇਗੀ।

**ਵਿਸਥਾਰ** - ਇਕੱਲਾ ਛੱਲਾ ਇੱਕ ਦਿਨ ਆਪਣੇ ਘਰ ਵਿਹੜੇ ਵਿੱਚ ਖੇਡ ਰਿਹਾ ਸੀ। ਤਾਂ ਪੈਰੋਂ ਨੰਗੇ ਛੱਲੇ ਦੇ ਪੈਰ ਵਿੱਚ ਕੰਡਾ ਵੱਜ ਗਿਆ। ਛੱਲੇ ਨੇ ਬੜੇ ਯਤਨ ਕੀਤੇ ਪਰ ਪੈਰ ਵਿੱਚੋਂ ਕੰਡਾ ਨਾ ਨਿਕਲਿਆ। ਪੈਰ ਵਿੱਚ ਵੱਜੇ ਕੰਡੇ ਦੀ ਪੀੜ ਤਾਂ ਛੱਲਾ ਹੀ ਜਾਣਦਾ ਸੀ। ਜੱਲ੍ਹਾ ਘਰ ਵਿੱਚ ਨਹੀਂ ਸੀ। ਜੱਲ੍ਹਾ ਮੁਸਾਫਰਾਂ ਦੇ ਰਿਸ਼ਤੇਦਾਰ ਨੂੰ ਸੁੱਖ ਸਾਂਦ ਦੇਣ ਨੂੰ ਗਿਆ ਹੋਇਆ ਸੀ। ਛੱਲਾ ਤੁਰ ਕੇ ਗਲੀ ਵਿੱਚ ਬਾਹਰ ਜਾਂਦਾ ਤਾਂ ਪੈਰ ਵਿੱਚ ਵੱਜਿਆ ਕੰਡਾ ਪੀੜ ਨੂੰ ਦੂਣਾਂ ਕਰ ਦਿੰਦਾ ਕੰਡੇ ਦੀ ਪੀੜ ਝੱਲਦਾ ਛੱਲਾ ਇੱਕ ਪੈਰ ਤੇ ਕੰਧ ਦਾ ਆਸਰਾ ਲੈ ਕੇ ਖਲੋਅ ਗਿਆ। ਥੋੜ੍ਹੇ ਚਿਰ ਬਾਅਦ ਜੱਲ੍ਹਾ ਆਇਆ ਤਾਂ ਉਸ ਨੇ ਵੇਖਿਆ ਤੇ ਪੁੱਛਿਆ, "ਛੱਲਿਆ ਕੰਧ ਦਾ ਆਸਰਾ ਲੈ ਕੇ ਇੱਕ ਲੱਤ ਤੇ ਕਿਉਂ ਖਲੋਅ ਰਿਹਾ ਏਂ।" ਪੁੱਤਰ ਛੱਲੇ ਨੇ ਪੈਰ ਉੱਚਾ ਕਰਕੇ ਆਪਣੇ ਅੱਬੂ ਨੂੰ ਵਿਖਾਇਆ। ਜੱਲ੍ਹੇ ਨੇ ਛੱਲੇ ਦੇ ਪੈਰ ਵਿੱਚੋਂ ਕੰਡਾ ਖਿੱਚਿਆ ਤੇ ਜੱਲ੍ਹੇ ਨੇ ਆਖਿਆ।

(ਚਲਦਾ)

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸੰਪਾਦਕ**

# ਅਪਾਹਜ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

ਖੋਜੀ : ਅਸਲ ਵਿਚ ਚਾਹ ਪੀਣ ਵਾਲੇ ਟੇਬਲ 'ਤੇ ਹੀ ਇਹਨਾਂ ਦੀ ਸੌਦੇਬਾਜ਼ੀ ਸਿਰੇ ਚੜ੍ਹ ਜਾਂਦੀ ਏ, ਸੌਦੇਬਾਜ਼ੀ ਕਰਦੇ-ਕਰਦੇ ਇਹ ਲੋਕ ਵੀਹ ਕੱਪ ਚਾਹ ਪੀ ਜਾਂਦੇ ਨੇ।

ਬਾਊ : ਤੇਰੇ ਨਾਲ ਇਹ ਭਿਖਾਰੀ ਨੂੰ ਵੀ ਖੰਭ ਲੱਗ ਗਏ ਨੇ।

ਭਿਖਾਰੀ : ਬਾਊ ਜੀ ਸੋਚ ਕੇ ਬੋਲਿਓ! ਤੂੰ ਵੀ ਭਿਖਾਰੀ ਏਂ, ਤੂੰ ਵੱਡਾ ਭਿਖਾਰੀ ਏਂ ਤੇ ਮੈਂ ਬਿਲਕੁਲ ਛੋਟਾ ਭਿਖਾਰੀ।

ਬਾਊ : ਮੈਨੂੰ ਭਿਖਾਰੀ ਕਹਿਣੈਂ? ਬੰਦਿਆਂ ਵਾਂਗ ਗੱਲ ਕਰ, ਨਹੀਂ ਤਾਂ ਬੱਤੀ ਦੇ ਬੱਤੀ ਦੰਦ ਬਾਹਰ ਕੱਢ ਦਿਆਂਗਾ।

ਖੋਜੀ : ਬਾਊ ਜੀ, ਕਿਉਂ ਤੱਤੇ ਹੁੰਦੇ ਹੋ? ਇਹ ਵਿਚਾਰਾ ਠੀਕ ਈ ਕਹਿ ਰਿਹੈ। ਜਦ ਤਾਈਂ ਤੁਹਾਡੀ ਮੁੱਠੀ ਗਰਮ ਨਹੀਂ ਹੁੰਦੀ, ਉਦੋਂ ਤੱਕ ਤੁਹਾਡਾ ਪੈੱਨ-ਅਪਾਹਜ ਹੀ ਰਹਿੰਦਾ ਏ।

ਭਿਖਾਰੀ : (ਹੱਸਦਾ ਹੋਇਆ) ਵਿਚਾਰਾ ਅਪਾਹਜ!

ਬਾਊ : ਅੱਜ ਤੱਕ ਮੇਰੀ ਇੰਨੀ ਨਹੀਂ ਲੱਥੀ, ਅੱਜ ਦਾ ਦਿਨ ਮਾੜਾ ਈ ਰਹੇਗਾ। ਮੈਨੂੰ ਹੀਲਾ ਵਸੀਲਾ ਕਰਨਾ ਹੀ ਪਵੇਗਾ, ਕਿਤੇ ਉਹ ਪਤੰਦਰ ਮੇਰੀਆਂ ਚੜ੍ਹਾਂ ਵਿਚ ਈ ਨਾ ਬਹਿ ਜਾਣ।

ਭਿਖਾਰੀ : ਜਾਣ ਤੋਂ ਪਹਿਲਾਂ ਦੋ ਰੁਪਏ ਦੇ ਦਿਓ ਬਾਊ ਜੀ, ਹੋ ਸਕਦੇ ਸ਼ਨੀ ਦਾ ਗ੍ਰਹਿ ਟਲ ਜਾਵੇ।

ਬਾਊ : ਸ਼ਨੀ ਦਾ ਗ੍ਰਹਿ ਤਾਂ ਤੂੰ ਏਂ ਜਿਹੜਾ ਸਵੇਰੇ ਸਵੇਰੇ.....ਬੁੱਚੜ ਜਿਹਾ।
(ਬਾਊ ਜਾਂਦਾ ਹੈ)

ਭਿਖਾਰੀ : (ਜਾ ਰਹੇ ਬਾਊ ਨੂੰ ਗੁੱਸੇ ਵਿੱਚ) ਬੁੱਚੜ ਤੂੰ, ਅਪਾਹਜ ਤੂੰ, ਕੰਜਰ ਕਿਸੇ ਥਾਂ ਦਾ।

ਖੋਜੀ : ਛੱਡ ਭਲਿਆ ਲੋਕਾ! ਉਹ ਵੇਖ ਸੱਠ ਕੁ ਸਾਲ ਦਾ ਸਿਆਣਾ ਬਿਆਣਾ ਆਦਮੀ ਆ ਰਿਹੈ। ਸੂਟ ਵੇਖ, ਤੇ ਮੁੱਛ ਵੇਖ। ਲਗਦੈ ਕਿ ਨਹੀਂ ਰਾਜਾ?
(ਨਗਰ ਪੰਚਾਇਤ ਦਾ ਪ੍ਰਧਾਨ ਬੜੇ ਟੌਹਰ ਨਾਲ ਆਉਂਦਾ ਹੈ ਅਤੇ ਨਾਲ ਇੱਕ ਸੇਵਾਦਾਰ ਹੈ)।

ਭਿਖਾਰੀ : ਇਹ ਤਾਂ ਸੱਚੀਂ ਕਿਸੇ ਰਿਆਸਤ ਦਾ ਮਹਾਰਾਜਾ ਜਾਪਦੈ। ਸ਼ੈਦ ਮੈਨੂੰ ਖੈਰ ਪਾ ਹੀ ਦੇਵੇ.....

ਖੋਜੀ : ਜ਼ਰਾ ਰੁੱਕ ਜਾ, ਢੋਲ ਦਾ ਪੋਲ ਖੁੱਲ੍ਹ ਲੈਣ ਦੇ। ਜ਼ਰਾ ਇਹਨਾਂ ਨੂੰ ਸੁਣ ਲੈ।

ਭਿਖਾਰੀ : ਸਵੇਰ ਦਾ ਬੋਲਦਾ ਪਿਆਂ, ਹੋਰ ਕਿੰਨਾ ਕੁ ਬੋਲ ਸਕਦਾਂ।

ਪ੍ਰਧਾਨ : ਨਗਰ ਦੀ ਰਿਪੋਰਟ ਮੈਨੂੰ ਨਾਲੋ-ਨਾਲ ਈ ਦੱਸੀ ਜਾਇਆ ਕਰ। ਤੈਨੂੰ ਕਿਤੇ ਕਸਰ ਨਹੀਂ ਲੱਗਣ ਦਿੰਦਾ।

ਸੇਵਾਦਾਰ : (ਹੱਥ ਜੋੜਦਾ ਹੋਇਆ) ਤੁਹਾਡੀਆਂ ਮੇਹਰਾਂ ਨੇ। ਬਾਕੀ ਨਗਰ ਦਾ ਬੱਚਾ ਬੱਚਾ ਤੁਹਾਡੀ ਮਹਿਮਾ ਗਾਉਂਦਾ ਫਿਰਦੈ। ਪਿਛਲੇ ਚਾਰਾਂ ਸਾਲਾਂ ਵਿਚ ਐਨਾ ਕੰਮ ਹੋ ਗਿਐ ਨਗਰ ਦਾ, ਪਿਛਲੇ ਪੰਜਾਹ ਸਾਲਾਂ 'ਚ ਨਹੀਂ ਕੋਈ ਕਰਵਾ ਸਕਿਆ। ਨਗਰ ਦੇ ਤਾਂ ਭਾਗ ਖੁੱਲ੍ਹ ਗਏ।

ਪ੍ਰਧਾਨ : ਅਸੀਂ ਰਹਿੰਦੇ ਪੰਜਵੇਂ ਸਾਲ ਵਿਚ ਨਗਰ ਦੀ ਨੁਹਾਰ ਬਦਲ ਕੇ ਰੱਖ ਦਿਆਂਗੇ। ਪਰ ਕਈ ਲੋਕ ਅਜੇ ਵੀ ਵੱਖੀ 'ਚੋਂ ਬੋਲਦੇ ਪਏ ਨੇ।

ਸੇਵਾਦਾਰ : ਸਾਹਬ, ਦਾਲ ਵਿਚ ਕੋੜਕੂ ਤਾਂ ਹੁੰਦਾ ਈ ਆ ਕੋਈ ਨਾ ਕੋਈ। ਉਹ ਕੀ ਵਿਗਾੜ ਸਕਦੈ? ਰਹੀ ਗੱਲ ਲੋਕਾਂ ਦੀ, ਰੱਬ ਵੀ ਉਹਨਾਂ ਨੂੰ ਖੁਸ਼ ਨਹੀਂ ਕਰ ਸਕਦਾ।

(ਚਲਦਾ)

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਕੋ-ਐਡੀਟਰ

1. ਪੰਜਾਬ ਰਾਜ ਵਿਚ ਸਰਪੰਚ ਬਣਨ ਲਈ ਘੱਟੋ ਘੱਟ ਕਿੰਨੀ ਉਮਰ ਹੋਣੀ ਚਾਹੀਦੀ ਹੈ?
   (ੳ) 25 ਸਾਲ (ਅ) 21 ਸਾਲ
   (ੲ) 18 ਸਾਲ (ਸ) 30 ਸਾਲ (ਅ)
2. ਪੰਜਾਬ ਵਿਚ ਜਨਮ ਮੌਤ ਰਜਿਸਟਰੇਸ਼ਨ ਐਕਟ ਕਦੋਂ ਲਾਗੂ ਕੀਤਾ ਗਿਆ?
   (ੳ) 1969 ਈ. (ਅ) 1970 ਈ.
   (ੲ) 1972 ਈ. (ਸ) 1968 ਈ. (ਅ)
3. ਪੰਜਾਬ ਵਿਧਾਨ ਸਭਾ ਦੇ ਕਿੰਨੇ ਸਦਨ ਹਨ?
   (ੳ) ਇੱਕ (ਅ) ਪੰਜ
   (ੲ) ਦੋ (ਸ) ਤਿੰਨ (ੳ)
4. ਪੰਜਾਬ ਵਿਚ ਜਨਮ ਮੌਤ ਦਾ ਮੁੱਖ ਰਜਿਸਟਰਾਰ ਕੌਣ ਹੁੰਦਾ ਹੈ?
   (ੳ) ਚੀਫ਼ ਮੈਡੀਕਲ ਅਫ਼ਸਰ (ਅ) ਸੈਕਟਰੀ ਸਿਹਤ
   (ੲ) ਡਾਇਰੈਕਟਰ, ਸਿਹਤ ਵਿਭਾਗ (ਸ) ਜ਼ਿਲ੍ਹਾ ਮੈਡੀਕਲ ਅਫ਼ਸਰ (ੲ)
5. ਪੰਜਾਬ ਵਿੱਚੋਂ ਰਾਜ ਸਭਾ ਲਈ ਕਿੰਨੇ ਮੈਂਬਰ ਚੁਣੇ ਜਾਂਦੇ ਹਨ?
   (ੳ) 13 (ਅ) 7
   (ੲ) 117 (ਸ) 22 (ਅ)
6. ਪੰਜਾਬ ਵਿੱਚੋਂ ਲੋਕ ਸਭਾ ਲਈ ਐੱਸ.ਸੀ. ਲਈ ਕਿੰਨੀਆਂ ਸੀਟਾਂ ਰਾਖਵੀਆਂ ਹਨ?
   (ੳ) 03 (ਅ) 04
   (ੲ) 05 (ਸ) 06 (ੳ)
7. ਪੰਜਾਬ ਤੇ ਹਰਿਆਨਾ ਹਾਈਕੋਰਟ ਦੀ ਸਥਾਪਨਾ ਕਦੋਂ ਕੀਤੀ ਗਈ?
   (ੳ) 1975 ਈ. (ਅ) 1972 ਈ.
   (ੲ) 1966 ਈ. (ਸ) 1956 ਈ. (ੲ)
8. ਪੰਜਾਬ ਹਾਈਕੋਰਟ ਦਾ ਡਿਜ਼ਾਇਨ ਕਿਸ ਨੇ ਤਿਆਰ ਕੀਤਾ?
   (ੳ) ਅਰੁਣ ਲੂੰਬਾ (ਅ) ਲੀ ਕੋਰਬੁਸ਼ੀਅਰ
   (ੲ) ਮੈਥਿਉ ਜਾਰ (ਸ) ਮਾਈਕਲ ਜਾਨ
9. ਪੰਜਾਬ ਦੀ ਵੰਡ ਤੋਂ ਬਾਅਦ ਪੰਜਾਬ ਹਾਈਕੋਰਟ ਕਿੱਥੇ ਸਥਾਪਿਤ ਕੀਤੀ ਗਈ?
   (ੳ) ਚੰਡੀਗੜ੍ਹ (ਅ) ਸ਼ਿਮਲਾ
   (ੲ) ਅੰਬਾਲਾ (ਸ) ਜਲੰਧਰ (ਅ)
10. ਪੰਜਾਬ ਹਾਈਕੋਰਟ ਦਾ ਉਦਘਾਟਨ ਕਿਸ ਨੇ ਕੀਤਾ ਸੀ?
   (ੳ) ਪੰਡਿਤ ਜਵਾਹਰ ਲਾਲ ਨਹਿਰੂ (ਅ) ਲਾਲ ਬਹਾਦਰ ਸ਼ਾਸਤਰੀ
   (ੲ) ਇੰਦਰਾ ਗਾਂਧੀ (ਹ) ਬਾਬਾ ਭੀਮ ਰਾਉ ਅੰਬੇਡਕਰ (ੳ)

# ਕੋਲੈਸਟਰੋਲ ’ਤੇ ਨਿਯੰਤਰਨ : ਖ਼ੁਰਾਕ ਅਤੇ ਕਸਰਤ

ਨਵਪ੍ਰੀਤ ਕੌਰ

ਸਾਡੇ ਸਰੀਰ ਵਿਚ ਕੋਲੈਸਟਰੋਲ ਕੁਦਰਤੀ ਤੌਰ ’ਤੇ ਜਿਗਰ ਦੁਆਰਾ ਪੈਦਾ ਕੀਤਾ ਜਾਂਦਾ ਹੈ ਅਤੇ ਖ਼ੂਨ ਰਾਹੀਂ ਦੌਰਾ ਕਰਦਾ ਹੈ। ਸਰੀਰ ਨੂੰ ਥੋੜ੍ਹੀ ਮਾਤਰਾ ਵਿਚ ਕੋਲੈਸਟਰੋਲ ਦੀ ਜ਼ਰੂਰਤ ਹੁੰਦੀ ਹੈ :

* ਕੋਲੈਸਟਰੋਲ ਦੀ ਮੱਦਦ ਨਾਲ ਸਰੀਰ ਵਿਚ ਹਾਰਮੋਨ ਦੀ ਪੈਦਾਵਾਰ ਹੁੰਦੀ ਹੈ।

* ਸਰੀਰ ਨੂੰ ਵਿਟਾਮਿਨ ਡੀ ਪੈਦਾ ਕਰਨ ਲਈ ਵੀ ਕੋਲੈਸਟਰੋਲ ਦੀ ਜ਼ਰੂਰਤ ਹੁੰਦੀ ਹੈ।

* ਪਾਚਨ ਪ੍ਰਣਾਲੀ ਵਿਚ ਕੋਲੈਸਟਰੋਲ ਜ਼ਰੂਰੀ ਤੇਜ਼ਾਬ ਪੈਦਾ ਕਰਕੇ ਸਰੀਰ ਨੂੰ ਭੋਜਨ ਪਚਾਉਣ ਅਤੇ ਜ਼ਰੂਰੀ ਤੱਤ ਸੋਖਣ ਵਿਚ ਮੱਦਦ ਕਰਦਾ ਹੈ।

ਪਰ ਸਰੀਰ ਦੀ ਇਹ ਜ਼ਰੂਰਤ ਪੂਰੀ ਕਰਨ ਲਈ ਸਾਨੂੰ ਭੋਜਨ ਦੁਆਰਾ ਉਚੇਚਾ ਕੋਲੈਸਟਰੋਲ ਪ੍ਰਾਪਤ ਕਰਨ ਦੀ ਕੋਈ ਲੋੜ ਨਹੀਂ ਹੈ। ਸਾਡਾ ਸਰੀਰ ਜ਼ਰੂਰਤ ਮੁਤਾਬਕ ਲੋੜੀਂਦਾ ਕੋਲੈਸਟਰੋਲ ਆਪ ਹੀ ਪੈਦਾ ਕਰ ਸਕਦਾ ਹੈ। ਖ਼ੂਨ ਵਿਚ ਕੋਲੈਸਟਰੋਲ ਦੀ ਜ਼ਿਆਦਾ ਮਾਤਰਾ ਹਾਨੀਕਾਰਕ ਸਾਬਤ ਹੋ ਸਕਦੀ ਹੈ। ਇਸ ਨਾਲ ਨਾੜਾਂ ਵਿਚ ਚਰਬੀ ਜਮ੍ਹਾਂ ਹੋਣ ਲੱਗਦੀ ਹੈ ਅਤੇ ਸਰੀਰ ਵਿਚ ਖ਼ੂਨ ਦੇ ਦੌਰੇ ਉੱਤੇ ਅਸਰ ਪੈਂਦਾ ਹੈ। ਜੇਕਰ ਇਸ ਚਰਬੀ ਨੂੰ ਘਟਾਉਣ ਦਾ ਯਤਨ ਨਾ ਕੀਤਾ ਜਾਵੇ ਤਾਂ ਇਹ ਦਿਲ ਦੇ ਰੋਗ ਅਤੇ ਸਟਰੋਕ ਦਾ ਕਾਰਨ ਵੀ ਬਣ ਸਕਦੀ ਹੈ।

**ਭੋਜਨ ਰਾਹੀਂ ਕੋਲੈਸਟਰੋਲ ਘਟਾਉਣ ਲਈ ਸੁਝਾਅ**

* ਹਰ ਰੋਜ਼ ਖਾਣੇ ਵਿਚ ਜ਼ਿਆਦਾ ਮਾਤਰਾ ਵਿਚ ਸਬਜ਼ੀਆਂ, ਫਲ, ਦਾਲਾਂ ਅਤੇ ਸਾਬਤ ਅਨਾਜ ਸ਼ਾਮਲ ਕਰੋ।


* ਘੱਟ ਜਾਂ ਬਿਨਾਂ ਥੰਦਿਆਲੀ ਦੇ ਦੁੱਧ, ਦਹੀਂ, ਪਨੀਰ ਆਦਿ ਦੀ ਵਰਤੋਂ ਕਰੋ।

* ਬਿਨਾਂ ਚਰਬੀ ਤੋਂ ਮੀਟ ਦਾ ਪ੍ਰਯੋਗ ਕਰੋ।

* ਹਫ਼ਤੇ ਵਿਚ ਘੱਟ ਤੋਂ ਘੱਟ ਦੋ ਵਾਰ ਮੱਛੀ ਦਾ ਸੇਵਨ ਕਰੋ।

* ਮੱਖਣ ਅਤੇ ਘਿਉ ਦੀ ਥਾਂ ਸਿਹਤਮੰਦ ਤੇਲ ਦੀ ਵਰਤੋਂ ਕਰੋ ਜਿਵੇਂ : ਜੈਤੂਨ ਦਾ ਤੇਲ, ਕਨੋਲਾ ਤੇਲ ਆਦਿ।

* ਖਾਣੇ ਵਿਚ ਕੁਝ ਮਾਤਰਾ ਵਿਚ ਫਲੀਆਂ, ਗਿਰੀਆਂ ਅਤੇ ਬੀਜ਼ ਵੀ ਸ਼ਾਮਲ ਕਰੋ।



* ਆਂਡੇ ਦੀ ਜਰਦੀ ਵਿਚ ਕੈਲੋਸਟਰੋਲ ਦੀ ਮਾਤਰਾ ਕਾਫ਼ੀ ਹੁੰਦੀ ਹੈ ਪਰ ਇਕ ਸਿਹਤਮੰਦ ਖ਼ੁਰਾਕ ਵਿਚ ਸੰਜਮ ਨਾਲ ਸ਼ਾਮਲ ਕੀਤੇ (ਹਫ਼ਤੇ ਵਿਚ 6 ਤੱਕ) ਆਂਡੇ ਖ਼ੂਨ ਵਿਚ ਕੋਲੈਸਟਰੋਲ ਦੇ ਪੱਧਰ ’ਤੇ ਕੋਈ ਬੁਰਾ ਪ੍ਰਭਾਵ ਨਹੀਂ ਪਾਉਂਦੇ।

* ਕੁਝ ਖਾਦ ਪਦਾਰਥ ਖ਼ੂਨ ਵਿਚ ਕੋਲੈਸਟਰੋਲ ਘੱਟ ਕਰਨ ਵਿਚ ਵੀ ਮੱਦਦ ਕਰ ਸਕਦੇ ਹਨ :

(1) ਸੂਰਜਮੁਖੀ ਦਾ ਤੇਲ, ਕਨੋਲਾ ਤੇਲ

(2) ਜੌਂ ਅਤੇ ਫਲੀਆਂ

(3) ਲਸਣ

* ਬਾਜ਼ਾਰੀ, ਤਲਿਆ ਭੋਜਨ, ਕੇਕ, ਬਿਸਕੁਟ ਆਦਿ ਜ਼ਿਆਦਾ ਥੰਦਿਆਈ ਵਾਲੇ ਖਾਣੇ ਦਾ ਸੇਵਨ ਘੱਟ ਕਰੋ।

* ਸ਼ਰਾਬ ਅਤੇ ਸਿਗਰਟ ਦਾ ਉਪਭੋਗ ਘਟਾਉਣ ਨਾਲ ਵੀ ਕੋਲੈਸਟਰੋਲ ਦੇ ਨਿਯੰਤਰਣ ਵਿਚ ਸਹਾਇਤਾ ਮਿਲ ਸਕਦੀ ਹੈ।

ਸਿਹਤਮੰਦ ਖੁਰਾਕ ਦੇ ਨਾਲ ਇਕ ਸਰਗਰਮ ਜੀਵਨ ਸ਼ੈਲੀ ਵੀ ਕੋਲੈਸਟਰੋਲ ਘਟਾਉਣ ਲਈ ਬਹੁਤ ਜ਼ਰੂਰੀ ਹੈ। ਕਸਰਤ ਖ਼ੂਨ ਵਿਚ ਕੋਲੈਸਟਰੋਲ ਦੀ ਮਾਤਰਾ ਘਟਾਉਂਦੀ ਹੈ ਅਤੇ ਇਸ ਨਾਲ ਦਿਲ ਦੀ ਬਿਮਾਰੀ ਦਾ ਖ਼ਤਰਾ ਵੀ ਘੱਟਦਾ ਹੈ ਕਿਉਂਕਿ ਕਸਰਤ

* ਊਰਜਾ ਦੀ ਖਪਤ ਕਰਕੇ ਭਾਰ ਘਟਾਉਂਦੀ ਹੈ।

* ਸ਼ੂਗਰ ’ਤੇ ਨਿਯੰਤਰਣ ਰੱਖਦੀ ਹੈ।

* ਬਲੱਡ ਪਰੈਸ਼ਰ ਘਟਾਉਂਦੀ ਹੈ।

* ਦਿਲ ਦੀ ਧੜਕਣ ਵਧਾ ਕੇ ਦਿਲ ਨੂੰ ਮਜ਼ਬੂਤ ਬਣਾਉਂਦੀ ਹੈ।

* ਸਾਹ ਲੈਣ ਦੀ ਦਰ ਵਧਾ ਕੇ ਸਰੀਰ ਨੂੰ ਜ਼ਿਆਦਾ ਆਕਸੀਜਨ ਪ੍ਰਦਾਨ ਕਰਦੀ ਹੈ।



**ਕੋਲੈਸਟਰੋਲ ਘਟਾਉਣ ਲਈ ਲਾਭਕਾਰੀ ਕਸਰਤ**

ਹਰ ਕਿਸਮ ਦੀ ਕਸਰਤ ਅਤੇ ਸਰੀਰਕ ਗਤੀਵਿਧੀ ਇਕ ਸਿਹਤਮੰਦ ਜੀਵਨ ਲਈ ਬਹੁਤ ਜ਼ਰੂਰੀ ਹੈ। ਪਰ ਸਰੀਰ ਦਾ ਵਜ਼ਨ ਜ਼ਿਆਦਾ ਹੋਣ ਅਤੇ ਕੋਲੈਸਟਰੋਲ ਵਧਣ ਦੀ ਹਾਲਤ ਵਿਚ ਭਾਰ ਘਟਾਉਣ ਲਈ ਦਿਲ ਦੀ ਧੜਕਣ ਵਧਾਉਣ ਵਾਲੀਆਂ ਕਸਰਤਾਂ ਜ਼ਿਆਦਾ ਲਾਭਕਾਰੀ ਹੋ ਸਕਦੀਆਂ ਹਨ ਕਿਉਂਕਿ ਇਨ੍ਹਾਂ ਕਸਰਤਾਂ ਦੌਰਾਨ ਊਰਜਾ ਦੀ ਖਪਤ ਵੱਧ ਹੁੰਦੀ ਹੈ। ਇਸ ਲਈ ਕੁਝ ਫਾਇਦੇਮੰਦ ਗਤੀਵਿਧੀਆਂ ਹਨ :

* ਤੇਜ਼ ਰਫ਼ਤਾਰ ਸੈਰ ਕਰਨੀ

* ਦੌੜਨਾ

* ਤੈਰਨਾ

* ਸਾਈਕਲ ਚਲਾਉਣੀ

* ਟੈਨਿਸ, ਬਾਸਕਟਬਾਲ ਜਾਂ ਕੋਈ ਹੋਰ ਖੇਡ ਖੇਡਣੀ

ਇਨ੍ਹਾਂ ਦੇ ਨਾਲ-ਨਾਲ ਕੁਝ ਸਰੀਰਕ ਤਾਕਤ ਵਧਾਉਣ ਵਾਲੀਆਂ ਕਸਰਤਾਂ ਵੀ ਲਾਭਵੰਦ ਹਨ ਕਿਉਂਕਿ ਇਨ੍ਹਾਂ ਨਾਲ ਮਾਸਪੇਸ਼ੀਆਂ ਦਾ ਮਾਪ ਵਧਦਾ ਹੈ ਅਤੇ ਊਰਜਾ ਦੀ ਖਪਤ ਹੁੰਦੀ ਹੈ। ਹਰ ਰੋਜ਼ ਘੱਟ ਤੋਂ ਘੱਟ 30 ਮਿੰਟ ਦਰਮਿਆਨੀ ਤੀਬਰਤਾ ਦੀ ਕਸਰਤ ਕੋਲੈਸਟਰੋਲ ਦੇ ਨਿਯੰਤਰਣ ਲਈ ਜ਼ਰੂਰੀ ਹੈ।

**ਕੁਝ ਸੁਝਾਅ**

* ਕੋਈ ਵੀ ਨਵੀਂ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਉ।

* ਕਸਰਤ ਹਮੇਸ਼ਾ ਘੱਟ ਸਮੇਂ ਅਤੇ ਘੱਟ ਤੀਬਰਤਾ ਤੋਂ ਹੀ ਸ਼ੁਰੂ ਕਰੋ ਅਤੇ ਹੌਲੀ-ਹੌਲੀ ਵਧਾਉਂਦੇ ਜਾਓ।

* ਰੋਜ਼ਾਨਾ ਜੀਵਨ ਵਿਚ ਵੀ ਸਰੀਰਕ ਸਰਗਰਮੀ ਵਧਾਉਣ ਦੀ ਕੋਸ਼ਿਸ਼ ਕਰੋ ਜਿਵੇਂ ਕਿ ਬਾਗਬਾਨੀ ਕਰਨੀ, ਘਰ ਦੇ ਕੰਮ ਕਰਨੇ, ਲਿਫ਼ਟ ਦੀ ਜਗ੍ਹਾ ਪੌੜੀਆਂ ਦੀ ਵਰਤੋਂ ਕਰਨੀ ਆਦਿ।



● ● ●

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**



# ਕਾਵਿ-ਕਿਆਰੀ



(ਲ਼ਫ਼ਜ਼ਾਂ ਦੀ ਲੋਏ ਲੋਏ)

## ਵਾਰੀ/ਹਰਬਖ਼ਸ਼ ਸਿੰਘ ਟਾਹਲੀ



ਜਦੋਂ ਤੂੰ ਮਨੁੱਖ ਦੀ ਜੂਨ ਵਿਚ ਸੈਂ
ਮੈਂ ਬੱਕਰੇ ਦੀ ਜੂਨ ਵਿਚ ਸਾਂ
ਤੂੰ ਮੈਨੂੰ ਆਪਣੀ ਭੁੱਖ ਲਈ ਮਾਰ ਮੁਕਾਇਆ
ਭੋਜਨ ਦਾ ਇਕ ਹਿੱਸਾ ਬਣਾ ਕੇ ਖਾ ਲਿਆ।
ਫਿਰ ਮੈਂ ਸੋਚਿਆ ਪੰਛੀ ਦਾ ਜਨਮ ਹੰਢਾਵਾਂਗਾ
ਮੈਂ ਪੰਛੀ ਹੋ ਗਿਆ ਤੂੰ ਫਿਰ ਓਹੀਓ ਮਨੁੱਖ ਸੈਂ
ਤੂੰ ਮੈਨੂੰ ਆਕਾਸ਼ੀ ਉਡਦਿਆਂ ਨੂੰ ਗੋਲੀ ਮਾਰ ਲਈ
ਅਤੇ ਆਪਣੇ ਭੋਜਨ ਦਾ ਇਕ ਹਿੱਸਾ ਬਣਆ ਲਿਆ।
ਫਿਰ ਮੈਂ ਸੋਚਿਆ ਨਾ ਧਰਤੀ ਨਾ ਆਕਾਸ਼ੀਂ
ਹੁਣ ਸਮੁੰਦਰ ਵਿਚ ਜਨਮ ਧਾਰਾਂਗਾ।
ਮੈਂ ਮੱਛਲੀ ਬਣ ਗਿਆ, ਡੂੰਘੇ ਪਾਣੀਆਂ ਵਿਚ ਛੁਪ ਗਿਆ।
ਪਰ ਤੂੰ ਮੈਨੂੰ ਓਥੇ ਵੀ ਜਾਲ ਵਿਚ ਫਸਾ ਲਿਆ।
ਮੈਨੂੰ ਫਿਰ ਧਰਤੀ ਉੱਤੇ ਲੈ ਆਂਦਾ
ਅਤੇ ਆਪਣੇ ਭੋਜਨ ਦਾ ਇਕ ਹਿੱਸਾ ਬਣਾ ਲਿਆ।
ਨਾ ਧਰਤੀ ਨਾ ਅਕਾਸ਼ ਤੇ ਨਾ ਸਮੁੰਦਰ ਵਿਚ ਹੀ
ਤੂੰ ਮੈਨੂੰ ਕਿਤੇ ਵੀ ਜੀਣ ਨਹੀਂ ਦਿੱਤਾ।
ਤੇਰੀ ਵੀ ਆਰਜੂ ਖਤਮ ਹੋ ਜਾਣੀ ਐ
ਤੂੰ ਸਦਾ ਮਨੁੱਖ ਨਹੀਂ ਬਣਿਆ ਰਹਿਣਾ
ਤੂੰ ਮੇਰਾ ਕਾਲ ਬਣਦਾ ਰਿਹਾ ਏਂ ਤੇਰਾ ਕਾਲ ਵੀ
ਤੇਰੇ ਸਿਰ ਉੱਤੇ ਹੈ ਫਿਰ ਭੱਜ ਲਈ ਜਿਥੇ ਮਰਜ਼ੀ।
ਨਾ ਮੈਂ ਰਿਹਾ ਹਾਂ ਤੇ ਨਾ ਤੂੰ ਹੀ ਰਹਿਣਾ ਹੈ।
ਪਰ ਤੇਰੇ ਸਿਰ ਤੇ ਮੇਰੇ ਕਈ ਕਤਲਾਂ ਦਾ
ਕਰਜ਼ ਹੈ ਜੋ ਅਨੇਕਾਂ ਜਨਮਾਂ ਵਿਚ ਤੇਰੇ ਕੋਲੋਂ
ਚੁਕਾਇਆ ਨਹੀਂ ਜਾਣਾ। ਤੂੰ ਜਿੰਨੇ ਮਰਜ਼ੀ
ਸਾਧਾਂ ਨੂੰ ਖੁਸ਼ ਕਰ ਕੇ ਆਇਆ ਹੋਵੇਂਗਾ
ਜਾਂ ਕਿੰਨੇ ਹੀ ਅਖੰਡ ਪਾਠ ਖੁਲ੍ਹਵਾ ਕੇ ਅਰਦਾਸਾਂ
ਕੀਤੀਆਂ ਹੋਣਗੀਆਂ ਆਪਣੀ ਮੁਕਤੀ ਦੀਆਂ।
ਪਰ ਤੈਨੂੰ ਸੱਚ ਦੱਸਾਂ, ਤੂੰ ਮੇਰੇ ਕਤਲਾਂ ਦੇ ਰੂਪ ਵਿਚ
ਕਈ ਵਾਰ ਰੱਬ ਦਾ ਕਤਲ ਕੀਤਾ ਹੈ।
ਤੇ ਹੁਣ ਤੇਰੀ ਵਾਰੀ ਖਤਮ ਹੋ ਗਈ ਹੈ।
ਹੁਣ ਤੇਰੀ ਵਾਰੀ ਆਪਣਾ ਕਰਜ਼ ਚੁਕੌਣ ਦੀ ਰਹੇਗੀ।

*****

## ਦੋ ਫੁੱਲਾਂ ਦਾ ਸੰਵਾਦ/ਸੁਰਿੰਦਰ ਮਕਸੂਦਪੁਰੀ



ਮੇਰਾ ਮਾਸੂਮ ਪੋਤਰਾ
ਮੇਰੀ ਉਂਗਲ ਫੜ
ਮੇਰੇ ਮੋਢੇ 'ਤੇ ਚੜ੍ਹ
ਹੁਸੀਨ ਫੁੱਲਾਂ ਲੱਦੇ
ਇੱਕ ਮਹਿਕਦੇ ਟਹਿਕਦੇ
ਬੂਟੇ ਨੂੰ ਹੱਥ ਪਾਉਂਦਾ
ਮਿੰਨਾ-ਮਿੰਨਾ ਮੁਸਕਰਾਉਂਦਾ!

ਤੋਤਲੀ ਆਵਾਜ਼ੇ ਗੱਲਾਂ ਕਰਦਾ
ਰੂਹ ਦੀ ਇਬਾਦਤ ਦੇ
ਜਿਵੇਂ ਗੂੰਗੇ ਹਰਫ਼ ਪੜ੍ਹਦਾ
ਆਪਣੇ ਵਰਗੇ ਕੋਮਲ
ਸਾਥੀ ਫੁੱਲਾਂ ਸੰਗ
ਜਿਵੇਂ ਸੰਵਾਦ ਰਚਾਉਂਦਾ
ਮਹਿਕ ਦੀ ਮਸਤੀ 'ਚ ਝੂਮਦੇ
ਮਨਮੋਹਣੇ ਫੁੱਲਾਂ ਨੂੰ
ਟਾਹਣੀਓ ਤੋੜ
ਕੋਮਲ-ਕੋਮਲ ਫੁੱਲ-ਪੱਤੀਆਂ ਨੂੰ
ਆਪਣੀ ਮਾਸੂਮ ਮੁੱਠੀ 'ਚ ਮਰੋੜ
ਫਿਰ ਜੋੜਨ ਦੀ ਜ਼ਿੱਦ ਕਰਦਾ
ਉਡਦੀਆਂ ਤਿਤਲੀਆਂ ਫੜਨਾ ਚਾਹੁੰਦਾ
ਬੇਵੱਸ ਹੋ ਕੇ ਹਉਕੇ ਭਰਦਾ!

ਦੋ ਫੁੱਲਾਂ ਦੀ ਗੁਫ਼ਤਗੂ ਸੁਣ
ਆਲ੍ਹਣਿਓ ਉੱਡੀ ਬੁਲਬੁਲ
ਜਿਸ ਨੂੰ ਵੇਖ ਕੇ ਨੰਨ੍ਹਾ-ਮੁੰਨਾ
ਹੋਇਆ ਖੁਸ਼ਦਿਲ-ਖੁਸ਼ਦਿਲ!

'ਮਕਸੂਦਪੁਰੀ' ਦੇ ਬਹਿਸ਼ਤੀ ਬਗੀਚੇ ਦਾ
ਅਧਖਿੜਿਆ ਫੁੱਲ
ਕੀ ਜਾਣੇ
ਇਹ ਨਿੱਕੀ ਜੇਹੀ ਜਿੰਦ
ਕਿ ਟਾਹਣੀਓ ਟੁੱਟੇ ਫੁੱਲ
ਜੜ੍ਹੋਂ ਟੁੱਟੇ ਦਿਲ


ਭਲਾ ਕਿੱਥੇ ਜੁੜਦੇ
ਉਜੜੇ ਆਲ੍ਹਣਿਓਂ ਉੱਡੇ ਪੰਛੀ
ਤੇ ਦੇਸੋਂ ਉੱਡੇ ਪਰਦੇਸੀ
ਖੌਰੇ ਕਦ ਮੁੜਦੇ.....?

-234, **ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ**-144021
**ਮੋ.** 99887-10234

*****

## ਕਵਿਤਾ/ ਚੁੱਲ੍ਹਾ ਅਤੇ ਚੌਂਕਾ

**ਰਤਨ ਟਾਹਲਵੀ**



ਚੁੱਲ੍ਹਾ ਅਤੇ ਚੌਂਕਾ ਅਲੋਪ ਹੋ ਕੇ ਰਹਿ ਗਏ ਨੇ।
ਮਿੱਟੀ ਦੇ ਭੜੋਲੇ ਰਹੇ ਨਾ, ਦਾਣੇ ਕੌਣ ਪਾਵੇਗਾ।
ਕੱਚੀ ਜਗ੍ਹਾ ਘਰ ਵਿਚ ਭੋਰਾ ਵੀ ਨਹੀਂ ਰੱਖਦੇ,
ਮਿੱਟੀ ਵਿਚ ਗੋਹਾ ਪਾ ਕੇ ਕੌਣ ਗੋਹਟੀ ਲਾਵੇਗਾ।

ਮਿੱਟੀ ਦੇ ਤੰਦੂਰ ਵਿਚ ਬੇਬੇ ਰੋਟੀ ਲਾਉਂਦੀ ਸੀ,
ਸਾਰੇ ਪਰਿਵਾਰ ਨੂੰ ਇਕੱਠਿਆਂ ਛਕਾਉਂਦੀ ਸੀ।
ਕੈਂਹ ਦੇ ਛੰਨੇ ਵਿਚ, ਕੌਣ ਲੱਸੀ ਨੂੰ ਪਿਲਾਵੇਗਾ।
ਚੁੱਲ੍ਹਾ ਅਤੇ ਚੌਂਕਾ ਅਲੋਪ ਹੋ ਕੇ ਰਹਿ ਗਏ ਨੇ।
ਮਿੱਟੀ ਦੇ ਭੜੋਲੇ ਰਹੇ ਨਾ, ਦਾਣੇ ਕੌਣ ਪਾਵੇਗਾ।

ਡੰਡੀ ਦੀਆਂ ਪੱਖੀਆਂ ਨੂੰ ਝਾਲਰ ਕੌਣ ਲਾਵੇਗਾ,
ਚਾਦਰ ਕੇਸਮਿਟ ਦੀ 'ਤੇ ਕੌਣ ਬੂਟੇ ਪਾਵੇਗਾ।
ਦਾਜ ਵਿਚ ਰੱਖ ਕੌਣ ਟੋਹਰ ਨੂੰ ਬਣਾਵੇਗਾ।
ਚੁੱਲ੍ਹਾ ਅਤੇ ਚੌਂਕਾ ਅਲੋਪ ਹੋ ਕੇ ਰਹਿ ਗਏ ਨੇ।
ਮਿੱਟੀ ਦੇ ਭੜੋਲੇ ਰਹੇ ਨਾ, ਦਾਣੇ ਕੌਣ ਪਾਵੇਗਾ।

ਸੱਚ ਵਿਆਹੀ ਨਾ ਪੀਂਘ ਕਿਤੇ ਪਾਂਦੀ ਏ,
ਸਹੁਰੇ ਘਰ ਵਿਚੋਂ ਕੋਈ ਨਾ ਪੇਕੇ ਘਰ ਜਾਂਦੀ ਏ।
ਜਾਂਦੇ ਰਹੇ ਰਿਵਾਜ਼ ਕੌਣ ਮੁੜ ਕੇ ਲਿਆਵੇਗਾ।
ਚੁੱਲ੍ਹਾ ਅਤੇ ਚੌਂਕਾ ਅਲੋਪ ਹੋ ਕੇ ਰਹਿ ਗਏ ਨੇ।
ਮਿੱਟੀ ਦੇ ਭੜੋਲੇ ਰਹੇ ਨਾ, ਦਾਣੇ ਕੌਣ ਪਾਵੇਗਾ।

ਰਤਨ ਵਰਿੰਦਰ ਕਹਿਣ ਕੈਸਾ ਸਮਾਂ ਆਇਆ ਏ,
ਸਕਿਆਂ ਭਰਾਵਾਂ ਨੂੰ ਵੀ ਕਰ 'ਤੇ ਪਰਾਇਆ ਏ।
ਟਾਹਲੀ ਵਾਲਿਆ ਕੌਣ ਗੱਲ ਸਮਝਾਵੇਗਾ।
ਚੁੱਲ੍ਹਾ ਅਤੇ ਚੌਂਕਾ ਅਲੋਪ ਹੋ ਕੇ ਰਹਿ ਗਏ ਨੇ।
ਮਿੱਟੀ ਦੇ ਭੜੋਲੇ ਰਹੇ ਨਾ, ਦਾਣੇ ਕੌਣ ਪਾਵੇਗਾ।

● ● ●

## ਸ਼ਬਦਾਂ ਦੇ ਸੰਜੋਗ

* ਧਰਮ ਦੀ ਪੈਦਾਇਸ਼ ਜਦੋਂ ਵੀ ਹੋਣੀ ਹੈ ਮਨੁੱਖ ਦੇ ਦਿਲ 'ਚੋਂ ਹੀ ਹੋਣੀ ਹੈ ਬਾਕੀ ਸਾਰੇ ਧਾਰਮਿਕ ਅਦਾਰੇ ਸੋਮੇ ਹੋ ਸਕਦੇ ਹਨ ਸਭ ਕੁਝ ਨਹੀਂ।
* ਗੁਰਦੁਆਰਿਆਂ 'ਚ ਹੁੰਦੀਆਂ ਲੜਾਈਆਂ ਸਾਡੇ ਧਰਮ ਦਾ ਪ੍ਰਤੀਕ ਨਹੀਂ ਸਾਡੇ ਸੁਭਾਅ ਦੇ ਅਸਾਵੇਂ ਪੱਧਰ ਦਾ ਪ੍ਰਤੀਕ ਹੁੰਦੀਆਂ ਹਨ।
* ਹਰ ਬੰਦੇ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ ਕਿ ਕੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੱਚਮੁੱਚ ਹੀ ਪ੍ਰਤੱਖ ਗੁਰੂ ਮੰਨਦੇ ਹਨ?
* ਜੋ ਰੁੜ ਕੇ ਪੱਤਣ 'ਤੇ ਜਾ ਲੱਗਦਾ ਹੈ ਉਸ ਨੂੰ ਨਵੇਂ ਜੀਵਨ ਦਾ ਅਹਿਸਾਸ ਹੁੰਦਾ ਹੈ।
* ਗਮ ਵਿਚ ਭਿੱਜੇ ਲੋਕ ਅਹਿਸਾਸ ਦੀਆਂ ਪਰਤਾਂ ਤਾਂ ਖੋਲ੍ਹਦੇ ਹਨ ਪਰ ਕੋਈ ਵੀ ਪਰਤ ਚੁਲਬਲੀ ਅਤੇ ਰੁਮਾਂਟਿਕ ਨਹੀਂ ਹੁੰਦੀ।
* ਪਿਛਲੀਆਂ ਸਦੀਆਂ ਵਿਚ ਪਿਆਰ ਦਾ ਏਨਾ ਰੌਲਾ ਪੈਂਦਾ ਰਿਹਾ ਹੈ ਕਿ ਲੋਕ ਪਿਆਰ ਤੋਂ ਮੁਕਤ ਹੋਣ ਲੱਗੇ ਹਨ।
* ਕਰਜ਼ਦਾਰ ਬੰਦਾ ਜ਼ਿੰਦਗੀ ਦੀ ਤਰੱਕੀ ਕਰਨ ਬਾਰੇ ਘੱਟ ਸੋਚਦਾ ਹੈ ਅਤੇ ਕਰਜ਼ੇ ਤੋਂ ਮੁਕਤ ਹੋਣ ਦੀ ਜੁਗਤੀ ਕਈ ਵਾਰ ਸਮਝ ਵਿਚ ਨਹੀਂ ਪੈਂਦੀ।
* ਮਾਸ਼ੂਕ ਦੇ ਪਿਆਰ ਵਿਚ ਖਿੱਚ ਦਾ ਅਧਾਰ ਕਾਮ ਤੇ ਮਾਂ ਦੇ ਪਿਆਰ ਵਿਚ ਖਿੱਚ ਦਾ ਅਧਾਰ ਮਮਤਾ ਹੁੰਦੀ ਹੈ।
* ਜਦੋਂ ਅਗਲੇਰੇ ਮੋਹ ਦੀ ਪਕੜ ਮਜ਼ਬੂਤ ਹੋਣ ਲੱਗਦੀ ਹੈ ਉਦੋਂ ਪਿਛਲੇ ਮੋਹ ਕਮਜ਼ੋਰ ਪੈ ਜਾਂਦੇ ਹਨ।



# MATRIMONIAL



SEEKING EDUCATED BRIDE FOR 13.05.1998 BORN BOY, 6.2 FT, B.E FROM DCE DELHI, WORKING AS A SOFTWARE ENGG. IN AN AI BASED COMPANY. FATHER M.A IN ENG & POL. SCI AND WORKING AS A LECTURAR POLITICAL SCIENCE, MOTHER B.A, B.ED IN MATHEMATICS, BROTHER B.E FROM IIIT, DELHI;WORKING AS A SOFTWARE ENGG. AT FINTECH COMPANY, RESIDENCE IN DELHI. CONTACT-92119-39751

* * * * *

MATCH FOR 26 NOV 1994 BORN BOY, HEIGHT 5’9”, B.TECH IN COMPUTER SCIENCE, IIT ROORKEE, WORKING AS A SR. SOFTWARE ENGG. (FACEBOOK, UK), FATHER WORKING WITH SWARAJ TRACTORS LTD, MOHALI, MOTHER RETIRED FROM HEALTH DEPT., HARYANA, SISTER-SETTLED IN AUSTRALIA, BROTHER- SR. SOFTWARE ENGG IN AMARON SEATILE (USA), SEEKING FOR GIRL FROM SIMILAR BACKGROUND (SOFTWRE ENGG. / MBA/DOCTOR) AND WELL EDUCATED. CHAT ON +919996693316, +919646849986

* * * * *

LUBANA SIKH BOY ....DEC'92 5.11 FT BE MBA FOREIGN BASED MNC DY MANAGER @ DELHI NCR.... REQUIRED...MCA B TECH M TECH MBA... QUALIFIED GIRL ,....CASTE NO BAR .....9417145424.....8360907886

* * * * *

WANTED SUITABLE MATCH FOR LOBANA DOCTOR BOY.MEDICAL OFFICER IN GOVT HOSPITAL.1995 BORN 5'.7" HEIGHT. PARENTS ARE BOTH IN GOVERNMENT SERVICE.10 ACRE AGRI.LAND IN MACHHIWARA AREA.HAVING URBAN PROPERTY ALSO.ONE YOUNGER BROTHER. CONTACT:9465534083.

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਮਾਰਚ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ. | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ: ਕੁਲਦੀਪ ਸਿੰਘ, ਐਸ.ਆਈ.<br>ਪਿੰਡ ਨੰਗਲ ਲੁਬਾਣਾ, ਜ਼ਿਲ੍ਹਾ ਕਪੂਰਥਲਾ | 227 | 11000/- | 12.03.2024 |
| 2. | ਸਵਰਗਵਾਸੀ ਸ: ਪਰਮਜੀਤ ਸਿੰਘ ਨੰਬਰਦਾਰ,<br>ਪਿੰਡ-ਤਹਿਸੀਲ ਸਲੇਮਪੁਰ, ਹੁਸ਼ਿਆਰਪੁਰ (ਆਪਣੀ ਸਪੁੱਤਰੀ ਲਵਪ੍ਰੀਤ ਕੌਰ ਦੀ ਸ਼ਾਦੀ ਦੀ ਖੁਸ਼ੀ ਵਿੱਚ ਭਵਨ ਨੂੰ ਦਾਨ ਕੀਤੇ।) | 226 | 5100/- | 01.03.2024 |
| 3. | ਸ. ਯਸ਼ਵੰਤ ਸਿੰਘ (ਰਿਟਾ. ਜਜ)<br>ਅਹਿਮਦਾਬਾਦ, ਗੁਜਰਾਤ (ਆਨਲਾਈਨ ਪ੍ਰਾਪਤ ਕੀਤੇ) | 238 | 2500/- | 18.03.2024 |
| 4. | ਗੁਪਤਦਾਨ (ਆਨਲਾਈਨ ਪ੍ਰਾਪਤ ਕੀਤੇ) | 225 | 500/- | 29.02.2024 |
| 5. | ਪੰਡਿਤ ਰਾਮ ਕੁਮਾਰ, ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ | 228 | 500/- | 14.03.2024 |
| 6. | ਮੇਜਰ ਐਨ.ਐਸ. ਮੁਲਤਾਨੀ (ਰਿਟਾ:),<br>ਜਨਰਲ ਸਕੱਤਰ ਕਮ ਵਾਇਸ ਪ੍ਰਧਾਨ, ਮ. ਨੰ: 1089, ਫ਼ੇਜ਼-10, ਮੋਹਾਲੀ | 229 | 500/- | 14.03.2024 |
| 7. | ਸ: ਬਲਵਿੰਦਰ ਸਿੰਘ ਮੁਲਤਾਨੀ<br>ਮ. ਨੰ: 541, ਫ਼ੇਜ਼-3-ਏ, ਮੋਹਾਲੀ | 234 | 500/- | 14.03.2024 |
| 8. | ਸ: ਇੰਦਰਜੀਤ ਸਿੰਘ ਭਗਤਾਨਾ,<br>ਮ. ਨੰ: 415, ਸੈਕਟਰ-100, ਮੋਹਾਲੀ | 236 | 500/- | 14.03.2024 |
| 9. | ਸ: ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.)<br>ਮ. ਨੰ: 7113, ਸੈਕਟਰ-125, ਨਿਉ ਸਨੀ ਐਨਕਲੇਵ, ਮੋਹਾਲੀ | 237 | 500/- | 14.03.2024 |
| 10. | ਸ: ਚਰਨਜੀਤ ਸਿੰਘ ਲੁਬਾਣਾ,<br>ਐਚ.ਐਲ. 600, ਫ਼ੇਜ਼-9, ਮੋਹਾਲੀ | 230 | 200/- | 14.03.2024 |
| 11. | ਸੂਬੇਦਾਰ ਮੇਜਰ ਜਸਪਾਲ ਸਿੰਘ, ਮੈਂਟੀਨੈਂਸ ਸੱਕਤਰ<br>18, ਏ.ਕੇ. ਐਸ. ਕਲੋਨੀ, ਜ਼ੀਰਕਪੁਰ | 231 | 200/- | 14.03.2024 |
| 12. | ਸ: ਐਚ.ਐਸ. ਘੋਤੜਾ,<br>ਮ. ਨੰ: 11, ਸੈਕਟਰ-39-ਏ, ਚੰਡੀਗੜ੍ਹ | 232 | 200/- | 14.03.2024 |
| 13. | ਸ: ਸੁੱਖਪਾਲ ਸਿੰਘ ਜਿੰਮੀ,<br>ਸਪੁੱਤਰ ਸ: ਨਿਰਮਲ ਸਿੰਘ, ਮ. ਨੰ: 2354, ਫ਼ੇਜ਼-10, ਮੋਹਾਲੀ | 233 | 200/- | 14.03.2024 |
| 14. | ਬੀਬੀ ਨਰਿੰਦਰ ਕੌਰ<br>ਮ. ਨੰ: 2020, ਸੈਕਟਰ-37-ਸੀ, ਚੰਡੀਗੜ੍ਹ | 235 | 200/- | 14.03.2024 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਸੈਕਟਰ 30-ਏ, ਚੰਡੀਗੜ੍ਹ ਵਿਖੇ ਚੇਤਿ ਮਹੀਨੇ ਦੀ ਸੰਗਰਾਂਦ (14-03-2024) ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ










ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਸਾਲ 2024-2027 ਲਈ ਪ੍ਰਧਾਨ ਚੁਣੇ ਜਾਣ ਉੱਤੇ ਸ. ਭਗਵਾਨ ਸਿੰਘ ਲੁਬਾਣਾ ਨੂੰ ਮੁਬਾਰਕਾਂ ਦਿੰਦੇ ਹੋਏ ਫਾਊਂਡੇਸ਼ਨ ਦੇ ਸੀਨੀਅਰ ਮੈਂਬਰਾਨ।